


MARCH, 1978 WATNO DUR – 60c
P.O. Box 67681, Station 'O', Vancouver, B.C. V6W 3V2

# Bains International Travel Service

*Contact Bains International Travel Service Ltd. for all your travel needs!*

**ADVANCE BOOKING CHARTERS TO:**
**TORONTO, BRITAIN, EUROPE, HAWAII.**

**Low fares offered to many destinations.**

*SATISFACTION GUARANTEED BY BOOKING WITH:*

## Bains International Travel Service Ltd.

**REMEMBER ... ONE CALL DOES IT ALL!!!**

*By Being IATA member we can issue your ticket for any airline while you wait.*

**3 LOCATIONS TO SERVE YOU**

| | | |
|---|---|---|
| | CAPILANO MALL | |
| 6364 FRASER STREET, | 935 MARINE DRIVE | 1710 DOUGLAS STREET |
| VANCOUVER, B.C. | NORTH VANCOUVER, B.C. | VICTORIA, B.C. |
| TEL: 324-2277 | TEL: 980-0351 | TEL: 386-6363 |

# Team up with the Royal Bank ...a lot of people do, for a lot of reasons.

ROYAL BANK
*serving*
British Columbia




First Anniversary SALE

TILL MAR 15

**Bombay Curry Restaurant**

*Licensed Premises*

3934 MAIN STREET, (23rd Ave.)
VANCOUVER
874-5722

B C R

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

**BOMBAY GROCERY STORE**

3950 MAIN STREET, VANCOUVER
874-3711

B G S

*Special Discount for Weddings, Akhand Paths and other bulk orders!*

We are open 7 days a week from 9:30 a.m. to 10 p.m.

SUPER SALE

Vegetable Oil Bravo 3.69

50 lbs. Onions 3.99

MAZOLA Oil 128 oz. 5.29

*A DIVISION OF*

**SHUKLA ENTERPRISES LTD.**

**Res. Phone: 685-2633**

# WATNO DUR

P.O. Box 67681
Postal Stn. 'O'
Vancouver, B.C.
V5W 3V2

VOL. 6 NO. 56 MARCH, 1978

2nd Class Mail Reg. No. 3233
ANNUAL SUBSCRIPTION: Canada-U.S.A. $ 7.00
Other Countries SEA $ 7.00
AIR $10.00



**EDITORIAL BOARD:**
Surinder Dhanjal, 256-1067
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITORS:**
Rupinder Azad M.A., 430-1924 - 438-9146
Karamjit Ghuman, 321-6081

**WATNO DUR REPRESENTATIVES:**
Iqbal Ramuwalia, Waterloo (884-7131)
Sarwan Boal, Montreal (679-8132)
*Latt Bhinder, Edmonton (462-6431)*
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*


## ਇਸ ਅੰਕ ਵਿਚ


ਐਡੀਟੋਰੀਅਲ 5

### ਕਵਿਤਾ

ਅਜਾਇਬ ਕਮਲ 6
ਸੁਰਜੀਤ ਰਾਮਪੁਰੀ 6
ਅਜੀਤ ਸਿੰਘ ਚੰਦਨ 6
ਕੁਲਵੰਤ ਜਗਰਾਉਂ 6
ਹਰਜੀਤ ਦੌਧਰੀਆ 7
ਸਰਵਣ ਬੋਲ 8
ਹਰਿੰਦਰ ਭਾਣਾ 8

### ਲੇਖ

ਸੋਹਣ ਸਿੰਘ ਜੋਸ਼ 9
ਉੱਜਲ ਦੋਸਾਂਝ 18
ਪ੍ਰੀਤਮ ਸਿੱਧੂ 23
ਹਿੰਮਤ ਸਿੰਘ ਸੋਢੀ 31

### ਕਹਾਣੀਆਂ

ਸਾਧੂ 15
ਦੇਵ ਜਟਾਣਾ 36
ਰਸੂਲ ਹਮਜ਼ਾਤੋਵ, ਮਾਨ ਭਾਰਤੀ 38

### ਸਥਾਈ ਕਾਲਮ

ਦਰਪਣ 20
ਪਿੰਡ ਦੀ ਹੂੰਜਾ ਹੈ 22
ਸੰਜੀਵਨੀ ਬੂਟੀ 34


ਮੁੱਖ ਚਿੱਤਰ
-BRUCE MAcINTOSH


ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

# ਐਡੀਟੋਰੀਅਲ

ਹਰ ਵਿਅਕਤੀ, ਹਰ ਕੌਮ ਖੁਸ਼ਹਾਲ ਤੇ ਸੁਖ-ਸ਼ਾਂਤ ਜੀਵਨ ਜੀਉਣ ਲਈ ਹਰ ਪੱਖ ਜਤਨਸ਼ੀਲ ਰਹਿੰਦੀ ਹੈ। ਕਾਮਯਾਬੀ ਕੇਵਲ ਕਿਸੇ ਨੂੰ ਛੇਤੀ, ਕਿਸੇ ਨੂੰ ਦੇਰ ਨਾਲ ਪ੍ਰਾਪਤ ਹੁੰਦੀ ਹੈ। ਪਰ ਜਦੋਜਹਿਦ ਕਰਨ ਵਾਲੇ ਲੋਕ ਕਾਮਯਾਬੀ ਹਾਸਲ ਕਰ ਹੀ ਲੈਂਦੇ ਹਨ। ਭਾਰਤੀ ਲੋਕ ਵੀ ਭਾਵੇਂ ਅਜੇ ਆਪਣੀ ਮੰਜ਼ਲ ਤੇ ਨਹੀਂ ਪਹੁੰਚੇ ਪਰ ਮੰਜ਼ਲ ਵੱਲ ਹਰ ਪਲ ਵਧ ਰਹੇ ਹਨ। ਇਸ ਰਾਹ ਤੇ ਹਰ ਕੌਮ ਨੂੰ ਪੈਰ ਪੈਰ ਤੇ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। ਤੇ ਭਾਰਤੀ ਸ਼ਹੀਦਾਂ ਦੀ ਸੂਚੀ ਵੀ ਦਿਨੋ ਵਧਦੀ ਰਹਿੰਦੀ ਹੈ। ਸਮੇਂ ਸਮੇਂ ਸ਼ਹੀਦਾਂ ਦੀ ਯਾਦ ਤਾਜ਼ਾ ਕਰਨੀ ਤੇ ਉਹਨਾਂ ਦੇ ਸਿਧਾਂਤਾਂ ਬਾਰੇ ਵਿਚਾਰ ਕਰਨੀ ਹਰ ਅੱਗੇ ਵੱਧਣ ਵਾਲੇ ਲੋਕਾਂ ਲਈ ਜ਼ਰੂਰੀ ਹੈ। ਅੱਜ ਅਸੀਂ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿਚ ਸਿਰ ਨਿਵਾਂਦੇ ਹਾਂ।

"ਅਜ਼ਾਦ" ਭਾਰਤ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਵਿਚ "ਨਵੀਂ" ਸਰਕਾਰ ਇਕ ਪਾਸੇ ਤਾਂ ਸੰਘ ਪਾੜ ਪਾੜ ਕੇ ਇੰਦਰਾ ਵੇਲੇ ਦੀਆਂ ਵਧੀਕੀਆਂ ਲੋਕਾਂ ਨੂੰ ਦੱਸਦੀ ਨਹੀਂ ਥੱਕਦੀ ਤੇ ਨਾਲੋ ਨਾਲ ਆਪ ਵੀ ਉਹੋ ਜਿਹਾ ਸਭ ਕੁੱਝ ਕਰੀ ਜਾ ਰਹੀ ਹੈ। ਪਿਛਲੇ ਦਿਨੀਂ ਭਾਰਤੀ ਯੂਨੀਵਰਸਿਟੀਆਂ ਵਿਚ ਪੜ੍ਹਾਈਆਂ ਜਾ ਰਹੀਆਂ ਕੁੱਝ ਇਕ ਇਤਿਹਾਸਿਕ ਪੁਸਤਕਾਂ ਤੇ ਪਾਬੰਦੀ ਲਾ ਕੇ ਨਵੀਂ ਸਰਕਾਰ ਨੇ ਆਪਣੀ ਅਸਲੀਅਤ ਦੱਸੀ ਹੈ। ਸਾਹਿਤਕਾਰਾਂ ਬੁੱਧੀਜੀਵੀਆਂ ਤੇ ਵਿਚਾਰਵਾਨਾਂ ਦਾ ਫ਼ਰਜ਼ ਬਣਦਾ ਹੈ ਕਿ ਇਸ ਹਨੇਰ ਗਰਦੀ ਵਿਰੁੱਧ ਅਵਾਜ਼ ਉਠਾਣ

— ਸਾਧੂ

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:

i) ਨਵਾਂ ਪਤਾ
ii) ਚਿਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ

ਸਾਨੂੰ ਭੇਜੋ!

ਵਤਨੋਂ ਦੂਰ
P. O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ.

- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਛਾਹਾਂ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਹੇਠਲੇ ਦਿੱਤੇ ਇਨ੍ਹਾਂ ਦੇ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਭਾਵ ਦੋ ਤੋਂ ਵੱਧ ਇਕੱਠੇ ਭੇਜਣ ਤੇ ਦੋ ਡਾਲਰ ਰਿਆਇਤ!)

.................................... ....................................
.................................... ....................................
.................................... ....................................
.................................... ....................................

## ਖ਼ਬਰ

ਅਰੁਣ ਕਮਲ

ਅਖ਼ਬਾਰਾਂ 'ਚ ਖ਼ਬਰ ਸੀ :
ਕੈਲਿਫੋਰਨੀਆ ਦੀ ਇਕ ਕੁੱਤੀ ਨੇ
ਇਕੱਠੇ ਤੇਰਾਂ ਕਤੂਰੇ ਜਣੇ ।

ਅਖ਼ਬਾਰਾਂ 'ਚ ਖ਼ਬਰ ਸੀ :
ਸ਼ਹਿਜ਼ਾਦੇ ਨੇ ਗਰੀਬਾਂ ਨੂੰ ਕੰਬਲ ਵੰਡੇ ।

ਅਖ਼ਬਾਰਾਂ 'ਚ ਖ਼ਬਰ ਸੀ :
ਵਿਸ਼ਵ-ਸੁੰਦਰੀ ਦਾ ਭਾਰ 39 ਕਿੱਲੋ ਹੈ ।

ਅਖ਼ਬਾਰਾਂ 'ਚ ਖ਼ਬਰ ਸੀ :
ਪਿਆਜ਼ ਬੜਾ ਗੁਣਕਾਰੀ ਹੁੰਦਾ ਹੈ ।

ਅਖ਼ਬਾਰਾਂ 'ਚ ਖ਼ਬਰ ਸੀ :
ਰਾਜਨੇਤਾ ਨੇ ਦਾੜ੍ਹੀ ਮੁਨਾਈ

ਇਕ ਖ਼ਬਰ ਜੋ ਕਿਤੇ ਨਹੀਂ ਸੀ :
ਕਿਸ਼ਤਾ ਗੌੜ ਨੂੰ ਫਾਂਸੀ ਹੋ ਗਈ ।

ਇਕ ਖ਼ਬਰ ਜਿਹੜੀ ਖ਼ਬਰ ਨਹੀਂ ਸੀ
ਭੁਮੱਈਯਾ ਨੂੰ ਫਾਂਸੀ ਹੋ ਗਈ ।

•

ਕਿਸ਼ਤਾ ਗੌੜ ਤੇ ਭੁਮੱਈਯਾ, ਦੋ ਕਰਾਂਤੀਕਾਰੀ, ਜਿਨ੍ਹਾਂ ਨੂੰ ਐਮਰਜੈਂਸੀ ਵੇਲੇ ਫਾਂਸੀ ਦੇ ਦਿਤੀ ਗਈ ।

—o—o—o—

## ਮਮਤਾ

— ਸੁਰਜੀਤ ਰਾਮਪੁਰੀ

ਨਾਂ ਮੇਰਾ ਮਮਤਾ ਹੈ, ਮੈਨੂੰ
ਉਮਰ ਭਰ ਮਮਤਾ ਦੀ ਛੁਹ ਨਾ ਮਿਲ ਸਕੀ।
ਜੰਮਦੇ ਹੀ 'ਆਇਆ' ਦੀ ਗੋਦੀ ਮਿਲੀ
ਕਾਨਵੈਂਟ ਦੀ ਆਂਟੀ ਤੋਂ ਸਿਖਿਆ ਮਿਲੀ
ਪਿਆਰ, ਹਮਦਰਦੀ, ਮੁਹੱਬਤ ਦੋਸਤੀ ਦਾ ਅਰਥ ਕੀ?
ਸਾਰੀ ਜੀਵਨ ਵਿਹਾਇਆ!

ਕਾਨਵੈਂਟ ਦੀ ਗੱਡੀ ਦਰ ਤੇ ਦੇਵੇ 'ਹਾਰਨ'
ਦੌੜਕੇ ਮੈਂ ਮੁਸਕਰਾਂਦੇ ਚਿਹਰਿਆਂ ਵਿਚ ਬੈਠਦੀ।
ਕੋਠੀ ਵੱਲੇ ਝਾਕਦੀ
ਜਿਥੇ ਮੇਰੀ ਮਾਂ ਅਜੇ ਸੁੱਤੀ ਪਈ
ਰਾਤ ਨੂੰ ਖਬਰੇ ਕਦੋਂ ਉਹ 'ਡਿਨਰ' ਤੋਂ ਵਾਪਿਸ ਮੁੜੀ
ਅੱਜ ਰਾਤੀਂ ਫਿਰ ਕਲੱਬ ਅੰਦਰ ਹੈ 'ਫੰਕਸ਼ਨ'
ਡੈਡੀ ਨੂੰ ਮੈਂ ਹਫਤੇ ਤੋਂ ਤੱਕਿਆ ਨਹੀਂ!

ਕਾਸ਼! ਮੰਮੀ ਮੱਥਾ ਚੁੰਮਕੇ ਤੋਰਦੀ
ਮੇਰੇ ਡੈਡੀ ਉਂਗਲ ਫੜਕੇ ਮੈਨੂੰ ਜੇ ਸਕੂਲ ਛੱਡਦੇ
ਤੇ ਜਦੋਂ ਮੈਂ ਪੜ੍ਹਕੇ ਆਉਂਦੀ
ਮੰਮੀ ਦੀ ਗੋਦੀ 'ਚ ਦੋ ਪਲ ਬੈਠ ਜਾਂਦੀ
ਮਾਂ ਦੀ ਹਿੱਕ ਦੇ ਨਾਲ ਲੱਗਕੇ
ਜੇ ਕਦੀ ਇਕ ਰਾਤ ਸੌਂਦੀ.......

ਮੰਮੀ ਡੈਡੀ ਤਾਂ ਕਲੱਬਾਂ, ਫੰਕਸ਼ਨਾਂ ਵਿਚ ਖੋ ਗਏ ਹਨ
ਨਾਂ ਮੇਰਾ ਮਮਤਾ ਹੈ ਭਾਵੇਂ, ਮੈਨੂੰ ਮਮਤਾ ਕੌਣ ਦੇਵੇ?

## ਮੌਤ ਅਤੇ ਜ਼ਿੰਦਗੀ

— ਅਜੀਤ ਸਿੰਘ ਚੰਦਨ, ਲੁਧਿਆਣਾ

ਤੁਸੀਂ ਜੇ ਚਾਹੋ ਤਾਂ ਜ਼ਿੰਦਗੀ ਨੂੰ
ਮੌਤ ਦੀ ਤਰ੍ਹਾਂ ਦਫ਼ਨਾ ਵੀ ਸਕਦੇ ਹੋ
ਪਰ ਮੈਨੂੰ ਪੂਰਨ ਯਕੀਨ ਹੈ ਕਿ
ਸਮਾਂ ਦਾ ਦਰਦ ਤੁਹਾਨੂੰ ਜ਼ਖ਼ਮੀ ਕਰ ਦੇਵੇਗਾ
ਤੇ ਤੁਸੀਂ ਮਰਮ-ਪੱਟੀ ਲਈ
ਜ਼ਰੂਰ ਕਿਸੇ ਸੁੰਦਰ ਕੁੜੀ ਦਾ ਰਾਹ ਦੇਖੋਗੇ ਜਾਂ
ਮੌਤ ਦੀਆਂ ਤਮਾਮ ਸਾਰ ਸਰੂ ਸੁਗਾਹ ਰੱਖਾਂ ਨੂੰ
ਆਪਣੀ ਹੀ ਛਾਤੀ ਨਾਲ ਲਾ ਕੇ ਰੋ ਪਏਂਗੇ —
ਕਿਉਂਕਿ ਜ਼ਿੰਦਗੀ ਮੌਤ ਤੋਂ ਸ਼ੁਰੂ ਹੁੰਦੀ ਹੈ
ਤੇ ਮੌਤ ਜ਼ਿੰਦਗੀ ਵਿਚਲੇ ਦਰਦ ਤੋਂ —
ਹਾਂ — ਜੇ ਤੁਸੀਂ ਜ਼ਿੰਦਗੀ ਨੂੰ ਮੌਤ ਦੀ ਤਰ੍ਹਾਂ
ਦਫ਼ਨਾ ਨਹੀਂ ਸਕਦੇ ਤਾਂ ਜ਼ਿੰਦਗੀ ਨੂੰ
ਪਰਿੰਦੇ ਦੀ ਤਰ੍ਹਾਂ ਤਾਂ ਵਰਤ ਸਕਦੇ ਹੋ
ਜੋ ਕਿਸੇ ਦੀ ਆਗਿਆ ਲਈ ਬਿਨਾ ਹੀ
ਰੁੱਖ-ਜਿਹੇ ਧਾਰਕ ਤੇ
ਉਸ ਦੀ ਅਣੀ ਪਈ ਮਾਂ ਦੀ ਛਾਤੀ 'ਚੋਂ ਵਗਦੇ
ਦੁੱਧ ਦੀ ਰੱਖਿਆ ਕਰੇ —
ਹਾਂ — ਜੇਕਰ ਦੋਹਾਂ ਕੰਮਾਂ 'ਚੋਂ ਤੁਸੀਂ ਕੋਈ ਵੀ
ਨਹੀਂ ਕਰ ਸਕਦੇ
ਤਾਂ ਤੁਸੀਂ ਤੁਰ ਰਹੀ ਧਰਤੀ 'ਚ
ਇਕ ਜ਼ਿੰਦਾ ਲਾਸ਼ ਤੋਂ ਵੱਧ ਕੁਝ ਵੀ ਨਹੀਂ।

—o—o—o—

## ਗ਼ਜ਼ਲ

ਕੁਲਵੰਤ ਜਗਰਾਉਂ

ਕੀਤੀ ਹੈ ਅਸਾਂ ਜਦ ਵੀ ਗਲ ਸਵੇਰੇ ਦੀ ।
ਤੜਫੀ ਹੈ ਜਿੰਦ ਡਾਢੀ ਘੋਰ ਹਨੇਰੇ ਦੀ ।
ਸਤਲੁਜ ਦੇ ਕੰਢੇ ਤੋਂ ਜਾ ਕੇ ਪੁਛ ਵੇਖੋ,
ਪੁਛਦੀ ਹੈ ਜੋ ਗਲ ਅਸਾਡੇ ਜੇਰੇ ਦੀ ।
ਬਾਹਰੋਂ ਜਿਹੜਾ ਪਾਕ ਪਵਿਤਰ ਲਗਦਾ ਹੈ,
ਅੰਦਰੋਂ ਹਾਲਤ, ਮੰਦੀ ਹੈ ਉਸ ਡੇਰੇ ਦੀ ।
ਜ਼ਹਿਰੀ ਸੱਪਾਂ ਨੂੰ ਵੀ ਫੜਿਆ ਜਾ ਸਕਦੈ,
ਸੁਰ ਹੋ ਕੇ ਜੇ ਵੱਜੇ ਬੀਨ ਸਪੇਰੇ ਦੀ ।
ਜਿੰਨੀਂ ਵੀ ਕੋਈ ਮੁਸ਼ਕਲ ਰਾਹ ਵਿਚ ਆਈ ਹੈ,
ਵਾਟ ਘਟੀ ਹੈ ਓਨੀ ਪੰਧ ਲੰਮੇਰੇ ਦੀ ।
ਜਾਗੀ ਜਨਤਾ ਜਦ ਵੀ ਗੂੜ੍ਹੀ ਨੀਂਦਰ ਚੋਂ,
ਪੈਰਾਂ ਤੀਕਰ ਕੰਬੀ ਜਾਨ ਲੁਟੇਰੇ ਦੀ ।
ਕਿਹੜੀ ਥੰਮੀ ਦੇ ਕੇ ਡਿਗਣੋਂ ਰੋਕਣਗੇ ?
ਕਿਰਦੀ ਪਈ ਹੈ ਮਿੱਟੀ ਏਸ ਬਨੇਰੇ ਦੀ ।

## ਕੀ ਹਾਲ ਹੈ? / ਹਰਜੀਤ ਦੌਧਰੀਆ

ਤੁਹਾਡੇ ਸੁਨੇਹਿਆਂ ਅਤੇ ਉਪਦੇਸ਼ਿਆਂ ਦਾ ਨਿਹਾਇਤ ਸ਼ੁਕਰੀਆ
ਇਹ ਮਿਲੇ ਤੇ ਪੜ੍ਹਦੇ ਵੀ ਨੇ—
ਸੁਣਿਐ ਹੋਰ ਪੱਕੀਆਂ ਸੜਕਾਂ ਬਣਨ 'ਤੇ ਪਸ਼ੂਚੋਰ ਬਹੁਤ ਖ਼ੁਸ਼ ਨੇ
ਉਹ ਕਹਿੰਦੇ ਗਏ ਡੰਗਰਾਂ ਦੀਆਂ ਪੈੜਾਂ ਨਹੀਂ ਨਿਕਲਦੀਆਂ
ਹਾਰ ਕੇ ਖੋਜੀ ਚੋਰਾਂ ਨਾਲ ਹੀ ਰਲ ਗਏ
ਤੇ ਕਈ ਪਰਾਂਹ ਪੁਲਸ 'ਚ ਭਰਤੀ ਹੋ ਗਏ—
ਪੱਟੀਆਂ ਤਰੌਨਾਂ 'ਚ ਕਾਹੀ ਤੇ ਸਰ੍ਹ ਉੱਗ ਖੜ੍ਹੇ ਨੇ
ਸ਼ਿਕਾਰੀ ਸਹਿਆਂ ਦਾ ਸ਼ਿਕਾਰ ਖ਼ੂਬ ਖੇਡਦੇ ਨੇ—
ਕੁਰਮਸ਼ਾਹੀਆਂ ਪੱਕ ਗਈਆਂ
ਕਾੜ੍ਹਨੀਆਂ 'ਚ ਤਾਂ ਅਜਾਂ ਨੂੰਹ ਸੱਸਾਂ ਦੀ ਪਈ ਠੱਡਾ ਹੁੰਦੈ—
ਇਹ ਵੀ ਸੁਣਨ 'ਚ ਆਈ ਹੈ
ਕਿ ਘਰਾਂ ਛਾਤਾਂ 'ਚ ਅਸੈਂਬਲੀਆਂ ਦੇ ਗੰਢੇ
ਘੰਟੀਆਂ ਤੇ ਟਈਆਂ ਟਈਆਂ ਸੁਰਾਂ ਵਜਦੇ ਨੇ
ਕਿ ਅੱਕਾਂ ਦੀਆਂ ਕੁਕੜੀਆਂ ਆਪ ਪਕ ਜਾਣ
ਤੇ ਕੌੜੇ ਤੁੰਮੇ ਇਹ ਪਕਣ ਕੇ ਮਿਠੇ ਹੋ ਜਾਣ—
ਉਪਜਾਊ ਜ਼ੋਰ ਨੂੰ ਪਜੇਰ ਕਰਨ ਲਈ
ਅਧਿਆਤਮਵਾਦ ਦਾ ਛੱਟਾ ਦਿੱਤਾ ਜਾ ਰਿਹੈ
ਗਾਂਦੇ ਦੰਗਲ 'ਚ ਆਏ ਜਿਨ੍ਹਾਂ 'ਚ ਵਿਤੀਆਂ ਕਤੌਰ ਆਪਣੇ ਪਾ ਲੈਣ—
ਟਿੱਬਿਆਂ 'ਚ ਜਥਾਂ ਲੁਆਈਆਂ ਅਗੂੰਠੀ ਦੇਸਾਂ ਦਾ ਕੀ ਬਣਿਆ?
ਰਿਕਨੇ ਬਾਲਿਆਂ ਦੇ ਖੂਨ ਦੀਆਂ ਭਰੀਆਂ ਬੋਤਲਾਂ ਵਿਚੋਂ ਦੇ ਸੱਗੀਆਂ?
ਪਿਛਲੇ ਦਿਨੀਂ ਹੌਲਨਾਕ ਹਾਦਸਿਆਂ ਦੀਆਂ ਖ਼ਬਰਾਂ ਪੜ੍ਹੀਆਂ
ਖ਼ੁਸ਼ਹਾਲੀ ਤੋਂ ਤੰਗ ਆ ਕੇ ਕਿਰਤ ਦੇ ਘਰ ਦੀ ਇਕਟ ਲਈ ਸੰਘ 'ਚ ਸਰਾਬ ਹੋਈ
ਉਤਰਿਆਂ ਸਾਰ ਹੀ ਪਟਾਕਾ ਪੈ ਗਿਆ
ਅਸਮਾਨ 'ਚੋਂ ਸੜੂ ਰੋਇਆ
ਤੇ ਹਿੰਦੁਸਤਾਨ ਦਾਨ ਹੋਇਆ
ਜਾ ਜਾਂਦੀ ਲਗੀ
ਪਰ ਨਿਜ਼ਾਮ ਨੂੰ ਕੀ...!!
ਸੁਣਿਐ ਉਹ ਸੁਰਖ਼ਾਬ ਦੀ ਵਿਆਹੀ ਆਸ ਹੈ
ਇਹ ਹਾਲ ਨਾਲ ਫੁੱਲ ਝੜੇ ਨੇ
ਗਏ ਅਤੇ ਹਨੇਰੇ ਤੋਂ ਅੱਗੇ ਨੇ ਤਾਂ ਜਾਣਾ ਹੀ ਕੀ ਸੀ!
ਸੁਣੋਂ ਅਸੈਂਬਲੀ ਹੋਈ ਫੇਰ ਪਰਤ ਆਏ ਨੇ —
ਫੱਤੇ ਨਾਈ ਦੇ ਜੋਰੇ ਦੇ ਪੱਤਰ ਰਾਜਨ ਦੀ ਏਥੇ ਆਸ ਰਖਦਾ ਹੈ
ਕੱਚਿਆਂ ਘੌਲਿਆਂ ਦੀਆਂ ਟੁੱਟੀਆਂ ਰੂਚੀਆਂ ਦਾ ਕੀ ਬਣਿਆ?
ਦੋਸਤ (ਵਟਕ ਛੋਲੇ) ਦੇ ਖੇਤ ਪੁਸਰ ਸੁਸਰ ਕਾਨ ਲੱਗੇ ਕਿ ਨਹੀਂ?
ਇੱਧਿਆਂ ਦਾ ਤਾਰਾ ਮੀਰਾ ਨਿੱਜਰਿਆ ਕਿ ਨਹੀਂ?
ਹਵੇਲੀ ਦਾਤੀਆਂ ਅਤੇ ਕਲਮਾਂ ਦੇ ਇਤਿਹਾਸ ਦਾ ਕੀ ਬਣਿਆ?
ਸਮੁੰਦਰ ਵਿਚਾਲੇ ਦੇ ਜਲੌ ਦਾ ਪਰਦਾ ਪਾਟ ਗਿਆ ਹੈ
ਉਹ ਰਾਜਧਾਨੀ 'ਚ ਨਿੱਜਤਾ ਨਗਨ-ਨਾਚ ਨੱਚਦੀ ਹੈ—
ਛਪੜਾਂ ਦੇ ਖੜੇ ਪਾਣੀਆਂ 'ਤੇ ਹਰਾ ਹਰਾ ਬੂਰ ਪੈ ਗਿਆ ਹੈ
ਨਾ ਚਾਨ੍ਹਣਿਆਂ ਦੀ
ਕੁਝ ਹੋਰ ਇਹੋ ਜਿਹੀਆਂ ਗੱਲਾਂ ਦਿਲਚਸਪੀਆਂ
ਤੁਸੀਂ ਬਾਤੂਬਸ਼ ਦਸਾਈ ਜਾਇਓ—
ਉਹ ਕਹਿੰਦੇ ਨੇ ਕਿ ਸਾਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਲਗਦੀ
ਦਰ ਅਸਲ ਉਨ੍ਹਾਂ ਨੂੰ ਇਹ ਗੱਲਾਂ ਪਸੰਦ ਨਹੀਂ
ਸਮਝ ਅਤੇ ਪਸੰਦ ਦਾ ਵੀ ਇਕ ਰਿਸ਼ਤਾ ਹੁੰਦੈ
ਤੁਸੀਂ ਸਮੇਂ ਸਮੇਂ
ਬਦਲਦੀਆਂ ਰੁੱਤਾਂ ਦਾ ਹਾਲ ਲਿਖਦੇ ਰਿਹਾ ਕਰੋ—

# ਕਿਸ ਦੀ ਗੱਲ ਕਰਦੇ ਹੋ?

ਸਰਵਣ ਬੇਲ - ਮੌਂਟਰੀਅਲ

ਤੁਸੀਂ ਕਿਸ ਧਰਤੀ ਦੀ ਗੱਲ ਕਰਦੇ ਹੋ?
ਜਿਸਨੂੰ ਸੋਨੇ ਦੀ ਚਿੜੀ ਕਹਿੰਦੇ ਆਏ ਹੋ?
ਜਾਂ ਜਿਥੇ ਵੰਡੀਆਂ ਦੀਆਂ ਰਗਾਂ ਵਿਚ
ਗਲ ਕਰਦਿਆਂ ਧਰਮ ਫੈਲਦਾ ਹੈ?
ਜਾਂ ਫਿਰ ਜਿਸਨੂੰ ਦੁਨੀਆਂ ਦੀ
ਸਭ ਤੋਂ ਵੱਡੀ ਜਮਹੂਰੀਅਤ ਦੱਸਦੇ ਹਨ?

ਆਓ ਬੈਠਕੇ ਗੱਲ ਕਰੀਏ
ਸ਼ਾਇਦ ਆਪਾਂ ਇਕੋ ਹੀ ਮੁਲਕ ਦੀ ਗੱਲ ਕਰਦੇ ਹਾਂ।
ਮੈਂ ਤਾਂ ਗੱਲ ਕਰਦਾ ਹਾਂ
ਉਸ ਮੁਲਕ ਦੀ
ਜਿਸ ਨੂੰ ਸੋਨੇ ਦੀ ਚਿੜੀ ਦਰਸਾ ਕੇ
ਲੋਟੂ ਜਮਾਤ ਨੇ
ਸਾਨੂੰ ਸੋਨੇ ਦੀ ਝਲਕ ਵਿਚ ਅੰਨ੍ਹਾ ਕਰ ਦਿੱਤਾ
ਜੋ ਅੰਨ੍ਹੇ ਹਵਸੀ ਮਹਾਰਾਜਿਆਂ ਦਾ ਨਹੀਂ
ਕਿਰਤੀਆਂ ਦਾ ਮੁਲਕ ਹੈ
ਜਿਹਨਾਂ ਦੀਆਂ ਰਗਾਂ ਵਿਚ ਪਾਖੰਡੀ ਧਰਮ ਨਹੀਂ
ਕਿਰਤ ਦਾ ਖੂਨ ਉਬਲਦਾ ਹੈ।
ਤੁਸੀਂ ਸ਼ਾਇਦ "ਟੀਚੂ", "ਸ਼ੈਰੀ" ਜਾਂ "ਸ਼ੈਂਪੇਨ"
ਦੀ ਗੱਲ ਕਰਦੇ ਹੋ
ਜਿਹਨਾਂ ਸ਼ੀਸ਼ਿਆਂ ਜਾਂ ਸੋਨੇ ਦੇ ਚਮਚਿਆਂ
ਵਿਚ ਖ਼ੂਨ ਪੀਤਾ ਹੈ ਤੇ
ਤੁਸੀਂ ਲਹੂ ਪੀਏ ਕਾਤਲਾਂ ਦੇ ਮੂੰਹਾਂ ਤੇ ਚਿਲਕਦੀ
ਲਾਲੀ ਦੀ ਗੱਲ ਕਰਦੇ ਹੋ
ਜੋ ਮਜ਼ਦੂਰਾਂ ਦੇ ਗਾੜ੍ਹੇ ਖੂਨ ਪਸੀਨੇ ਦੇ ਨਿਸ਼ਾਨ ਹਨ।
ਤੁਸੀਂ ਉਸ ਧਰਤੀ ਤੇ ਉਸਰੇ
ਤਾਜ ਮਹੱਲਾਂ ਦੀ ਗੱਲ ਕਰਦੇ ਹੋ
ਜੋ ਮਜ਼ਦੂਰਾਂ ਦੇ ਜਿਉਂਦੇ ਜਿਸਮਾਂ
ਉਪਰ ਉਸਰੇ ਹਨ।

ਮੈਂ ਤਾਂ ਤਾਰੂ, ਬੀਰੂ ਤੇ ਰੱਖੀ ਦੀ
ਗੱਲ ਕਰਦਾ ਹਾਂ
ਜੋ ਤੱਤੀਆਂ ਸੜਕਾਂ ਤੇ ਰਿੱਕੇ ਦੀ
ਮਜ਼ਦੂਰੀ ਲਿੱਖ ਮਾਣਦੇ ਹਨ।
ਜਿਹਨਾਂ ਮਾਂ ਦੀਆਂ ਸੁੱਕੀਆਂ
ਛਾਤੀਆਂ ਚੋਂ ਸਬਰ ਪੀਤਾ ਹੈ ਤੇ
ਨੰਗੇ ਪਿੰਡੇ ਭੁੱਖੀਆਂ ਆਂਦਰਾਂ ਚੋਂ
ਜ਼ੋਰ ਦੀਆਂ ਬੜਕਾਂ ਮਾਰੀਆਂ

ਤੁਸੀਂ ਆਜ਼ਾਦੀ ਦੀ
ਗੱਲ ਕਰਦੇ ਹੋ
ਮੈਂ ਆਜ਼ਾਦੀ ਵਿਚ ਮਿਲੀ ਨਵੀਂ
ਬਰਬਾਦੀ ਦੀ ਗੱਲ ਕਰਦਾ ਹਾਂ।

ਮੈਂ ਗੱਲ ਕਰਦਾ ਹਾਂ ਉਹਨਾਂ ਦੀ
ਜੋ ਹੱਕਾਂ ਦੀ ਰਾਖੀ ਲਈ ਜੂਝਦੇ
ਜੇਲ੍ਹਾਂ ਵਿਚ ਸੜ ਰਹੇ
ਸ਼ਰੇ ਬਾਜ਼ਾਰ ਕਤਲ ਹੋ ਰਹੇ ਹਨ।

ਗੱਲ ਤਾਂ ਸ਼ਾਇਦ ਆਪਾਂ
ਇਕੋ ਹੀ ਮੁਲਕ ਦੀ ਕਰਦੇ ਹਾਂ
ਤੁਸੀਂ ਉਹਨਾਂ ਦੀ ਕਰਦੇ ਹੋ
ਜੋ ਖੂਨ ਚੂਸਦੇ ਹਨ।
ਮੈਂ ਉਹਨਾਂ ਦੀ ਕਰਦਾ ਹਾਂ
ਜਿਹਨਾਂ ਦਾ ਖੂਨ ਚੂਸਿਆ ਜਾਂਦਾ ਹੈ।

—o—o—o—o—

# ਜ਼ਿੰਦਗੀ ਦੀ ਤਲਾਸ਼

ਹਰਜਿੰਦਰ ਗਾਬਾ
(ਹੂਸਟਨ ਬੀ.ਸੀ.)

ਬੇਸ਼ੱਕ ਮੇਰੀ ਹੋਂਦ ਅੱਜ ਇਕ ਲਾਸ਼ ਹੈ
ਜ਼ਿੰਦਗੀ ਦੀ ਪਰ ਮੈਨੂੰ ਅਜੇ ਵੀ ਤਲਾਸ਼ ਹੈ

ਕੈਦੀ ਵੀ ਖੁਸ਼ੀ ਮੇਰੀ
ਕੈਦੀ ਵੀ ਸੱਧਰ ਮੇਰੀ
ਮੇਰੀ ਆਪਣੀ ਨਹੀਂ ਹੈ
ਹਰ ਧੜਕਣ ਮੇਰੀ ਉਧਾਰੀ ਹੈ
ਇਕ ਮਾਂਗਵੀ ਧਾੜ ਦੇ ਵਾਂਗਰ
ਅਹਿਸਾਸ ਹੁੰਦਾ ਹੈ ਆਪਣੇ ਸਾਹਮਣੇ ਰੋਜ਼
ਚੱਲਦੇ ਹੋਏ ਗੋਲ ਦਾਇਰਿਆਂ ਨੂੰ ਵੇਖ
ਕਿ ਮੇਰੀ ਜ਼ਿੰਦਗੀ ਤਾਂ ਗਿਰਵੀ ਪਈ ਹੋਈ ਹੈ
ਮੈਂ ਵੀ ਇਨ੍ਹਾਂ ਵਾਂਗ ਜੀਣ ਲਈ ਤਰਲੇ ਕਰ ਲਿਆਂ
ਪਰ ਕਦੇ
ਇਕੱਲੇ ਇਕੱਲੇ ਸਾਹ ਦੀ ਧੜਕਣ ਨੂੰ
ਮੈਂ ਚੜ੍ਹਦੀਆਂ ਕਲਾਂ 'ਚ ਮਾਣਿਆ ਹੈ
ਗਵਾਹ ਸੁੱਕੇ ਤੇ ਚਾਨਣ ਇਸ ਗਲ
ਮੈਂ ਪਲ ਪਲ ਜੀਵਿਆ ਹਾਂ
ਜਿਥੇ ਮੈਂ ਬਹੁਤੇ ਸੁੱਖਾਂ ਤੋਂ ਸੱਖਣਾ ਸੀ
ਪਰ ਬਹੁਤ ਕੁਝ ਦਿਲ ਦੀ ਮੇਰਾ ਆਪਣਾ ਸੀ

ਬੇਸ਼ੱਕ ਮੇਰੀ ਹੋਂਦ ਅੱਜ ਇਕ ਲਾਸ਼ ਹੈ
ਜ਼ਿੰਦਗੀ ਦੀ ਪਰ ਮੈਨੂੰ ਅਜੇ ਵੀ ਤਲਾਸ਼ ਹੈ।

—o—o—o—

# ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ

ਸੋਹਣ ਸਿੰਘ ਜੋਸ਼

(ਭਗਤ ਸਿੰਘ ਦੇ ਜੀਵਨ ਬਾਰੇ ਸੋਹਨ ਸਿੰਘ ਜੋਸ਼ ਹੋਰਾਂ ਦੇ ਲਿਖੇ ਲੇਖ ਦਾ ਕੁੱਝ ਹਿੱਸਾ ਅਸੀਂ ਤੇਈ ਮਾਰਚ ਦੀ ਯਾਦ ਵਜੋਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ । — ਸੰਪਾਦਕ)



ਸ਼ਹੀਦ ਭਗਤ ਸਿੰਘ

ਅਗਲੇ ਦਿਨ, ਭਾਵ ੧੭ ਦਸੰਬਰ ਨੂੰ ਦੁਪਹਿਰ ਤੋਂ ਮਗਰੋਂ ਕੁਝ ਇਨਕਲਾਬੀਆਂ ਨੇ ਇਕ ਪੁਲੀਸ ਅਫਸਰ ਨੂੰ ਜਦੋਂ ਉਹ ਪੁਲੀਸ ਹੈੱਡਕੁਆਰਟਰ ਵਿਚੋਂ ਬਾਹਰ ਆ ਰਿਹਾ ਸੀ ਗੋਲੀ ਨਾਲ ਪਾਰ ਬੁਲਾ ਦਿਤਾ । ਸ਼ਾਮ ਨੂੰ ਅੰਮ੍ਰਿਤਸਰ ਸ਼ਹਿਰ ਵਿਚ ਹਰ ਸਾਂ ਅਫਵਾਹਾਂ ਫੈਲੀਆਂ ਹੋਈਆਂ ਸਨ । ਕੁਝ ਲੋਕ ਕਹਿੰਦੇ ਸਨ ਕਿ ਮਾਰਿਆ ਜਾਣ ਵਾਲਾ ਆਦਮੀ ਸੀਨੀਅਰ ਸੁਪਰਿੰਟੈਂਡੈਂਟ ਪੁਲੀਸ ਸਕਾਟ ਸੀ ਅਤੇ ਕੁਝ ਕਹਿੰਦੇ ਸਨ ਕਿ ਉਹ ਸਾਂਡਰਸ ਸੀ । ਇਕ ਭਾਰਤੀ ਵੀ ਮਾਰਿਆ ਗਿਆ ਸੀ, ਕਿਉਂਕਿ ਉਹਨੇ ਤਾੜਨਾ ਨਹੀਂ ਸੀ ਸੁਣੀ ਅਤੇ ਇਨਕਲਾਬੀਆਂ ਦਾ ਬੜੇ ਜ਼ੋਰ ਨਾਲ ਪਿਛਾ ਕੀਤਾ ਸੀ ।

ਕਾਮਰੇਡ ਅਜੈ ਘੋਸ਼ ਨੇ ਲਿਖਿਆ ਹੈ : "ਸਾਡੀ ਪਾਰਟੀ ਨੇ ਫ਼ੈਸਲਾ ਕੀਤਾ ਕਿ ਵਾਰ ਕੀਤਾ ਜਾਵੇ । ਨਵੰਬਰ (?) ੧੯੨੮ ਵਿਚ ਐਸਿਸਟੈਂਟ ਸੁਪਰਿੰਟੈਂਡੈਂਟ ਪੁਲੀਸ ਸਾਂਡਰਸ, ਜੀਹਨੇ ਜਲੂਸ ਉਤੇ ਲਾਠੀ-ਚਾਰਜ ਦੀ ਅਗਵਾਈ ਕੀਤੀ ਸੀ, ਲਾਹੌਰ ਪੁਲੀਸ ਹੈੱਡਕੁਆਟਰ ਦੇ ਐਨ ਸਾਹਮਣੇ ਗੋਲੀ ਨਾਲ ਮਾਰ ਦਿਤਾ ਗਿਆ । ਠੀਕ ਸਮੇਂ ਸਿਰ ਕੀਤਾ ਗਿਆ ਅਤੇ ਦਲੇਰੀ ਨਾਲ ਨਿਭਾਇਆ ਗਿਆ ਇਹ ਐਕਸ਼ਨ ਅਜਿਹਾ ਸੀ, ਜੀਹਨੂੰ ਜਨਤਾ ਨੇ ਖ਼ੁਸ਼ੀਆਂ-ਭਰੇ ਦਿਲਾਂ ਨਾਲ ਸਲਾਹਿਆ । ਅਸੀਂ ਜਿਨ੍ਹਾਂ ਵਾਰਾਂ ਨਾਲ ਦੇਸ਼ ਨੂੰ ਹਲੂਣਾ ਦੇਣਾ ਚਾਹੁੰਦੇ ਸੀ, ਉਹਨਾਂ ਵਿਚੋਂ ਪਹਿਲਾ ਵਾਰ ਕੀਤਾ ਜਾ ਚੁੱਕਿਆ ਸੀ ।"[13]

ਉਸੇ ਰਾਤ (੧੭ ਦਸੰਬਰ ਨੂੰ) ੧੧ ਵਜੇ ਰਾਤ ਤੋਂ ਕੁਝ ਚਿਰ ਪਿਛੋਂ ਕਿਸੇ ਨੇ ਬਾਰਾਂ ਘਰਾਂ, ਇਸਲਾਮਾਬਾਦ ਵਿਚ ਮੇਰੇ ਬੂਹੇ ਉਤੇ ਦਸਤਕ ਦਿਤੀ ।[14] ਘਰ ਵਿਚ ਮੈਂ ਇਕੱਲਾ ਹੀ ਸੀ । ਮੇਰਾ ਪਰਵਾਰ ਮੇਰੇ ਪਿੰਡ ਚੇਤਨਪੁਰਾ (ਅੰਮ੍ਰਿਤਸਰ) ਗਿਆ ਹੋਇਆ ਸੀ ।

ਮੈਂ ਦਰਵਾਜ਼ਾ ਖੋਲ੍ਹਿਆ ਅਤੇ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਭਗਤ ਸਿੰਘ ਅਤੇ ਸੁਖਦੇਵ ਬਾਹਰ ਖਲੋਤੇ ਸਨ ।[15] ਮੈਂ ਉਹਨਾਂ ਨੂੰ ਜੀ-ਆਇਆ ਆਖਿਆ, ਪਰ ਇਹਦੇ ਨਾਲ ਹੀ ਮੈਂ ਉਹਨਾਂ ਨੂੰ ਇਹ ਗੱਲ ਵੀ ਦੱਸੀ ਕਿ ਮੇਰਾ ਘਰ ਅਜਿਹਾ ਖ਼ਤਰੇ ਤੋਂ ਖ਼ਾਲੀ ਨਹੀਂ, ਕਿਉਂਕਿ ਪੁਲੀਸ ਇਸ ਘਰ ਉਤੇ ਕਿਸੇ ਸਮੇਂ ਵੀ ਛਾਪਾ ਮਾਰ ਸਕਦੀ ਹੈ । ਪਰ ਭਗਤ ਸਿੰਘ ਨੇ ਕਿਹਾ : "ਫ਼ਿਕਰ ਨਾ ਕਰੋ, ਅਸੀਂ ਸਾਰੇ ਪਰਬੰਧ ਕਰ ਲਏ ਹਨ ।" ਉਹ ਅੰਦਰ ਆ ਗਏ ਅਤੇ ਉਹਨਾਂ ਨੇ ਕਿਹਾ, "ਸਾਨੂੰ ਭੁੱਖ ਲਗੀ ਹੋਈ ਹੈ । ਕੁਝ ਖਾਣ ਨੂੰ ਦਿਓ ।" ਉਸ ਸਮੇਂ ਮੇਰੇ ਕੋਲ ਕੇਵਲ ਦੋ ਰੋਟੀਆਂ ਪਈਆਂ ਸਨ, ਕੁਝ ਸਬਜ਼ੀ ਸੀ ਅਤੇ ਇਕ ਦੁੱਧ ਦਾ ਗਲਾਸ ਸੀ । ਮੈਂ ਉਹਨਾਂ ਨੂੰ ਆਖਿਆ ਕਿ ਸੱਜਰੀ ਰੋਟੀ ਪਕਾਈ ਜਾ ਸਕਦੀ ਸੀ । ਪਰ ਉਹਨਾਂ ਨੇ ਕਿਹਾ ਕਿ "ਕੋਈ ਲੋੜ ਨਹੀਂ । ਆਪਾਂ ਗੱਲਾਂ ਕਰਾਂਗੇ ਅਤੇ ਫੇਰ ਸੌਂ ਜਾਵਾਂਗੇ ।"

ਭਗਤ ਸਿੰਘ ਨੇ ਫੈਲਟ ਹੈਟ ਅਤੇ ਅੰਗਰੇਜ਼ੀ ਫ਼ੈਸ਼ਨ ਦਾ ਸੂਟ ਪਾਇਆ ਹੋਇਆ ਸੀ । ਉਸ ਪਹਿਰਾਵੇ ਵਿਚ ਉਹ ਪਛਾਣਿਆ ਨਹੀਂ ਸੀ ਜਾਂਦਾ । ਸੁਖਦੇਵ ਨੇ ਅੰਗਰੇਜ਼ੀ ਹੈਟ ਅਤੇ ਸੂਟ ਪਾਇਆ ਹੋਇਆ ਸੀ । ਭਗਤ ਸਿੰਘ ਨੇ ਆਪਣਾ ਹੈਟ ਉਤਾਰਿਆ ਅਤੇ ਨੇੜੇ ਪਏ ਇਕ ਮੇਜ਼ ਉਤੇ ਰਖ ਦਿਤਾ । ਉਹਨੇ ਆਪਣਾ ਪਿਸਤੌਲ ਮੰਜੀ ਤੋਂ ਉਤਾਂਹ ਦੀਵਾਰ ਵਿਚ ਠੁਕੀ ਹੋਈ ਇਕ ਕਿੱਲੀ ਉਤੇ ਟੰਗ ਦਿਤਾ । ਫੇਰ ਉਹ ਥੋੜੀ ਜਿਹੀ ਰੋਟੀ ਖ਼ਤਮ ਕਰ ਕੇ ਉਹਨੇ ਮੇਰੇ ਉਤੇ ਸਵਾਲ ਕੀਤਾ, "ਸਾਂਡਰਸ ਦੇ ਕਤਲ ਦਾ ਆਮ ਪ੍ਰਤੀਕਰਮ ਕੀ ਹੈ ?" ਹੁਣ ਮੈਨੂੰ ਪਤਾ ਲਗਿਆ ਕਿ ਮਾਰਿਆ ਸਾਂਡਰਸ ਗਿਆ ਸੀ ।

ਮੈਂ ਜਵਾਬ ਦਿਤਾ, "ਨੌਜਵਾਨ ਖ਼ੁਸ਼ ਹਨ, ਪਰ ਉਹ ਵਧੇਰੇ ਖ਼ੁਸ਼ ਹੁੰਦੇ, ਜੇਕਰ ਸਕਾਟ ਮਾਰਿਆ ਗਿਆ ਹੁੰਦਾ ।"

ਉਹ ਬੋਲਿਆ, "ਅਸੀਂ ਉਥੇ ਗਏ ਤਾਂ ਉਸੇ (ਸਕਾਟ) ਲਈ ਹੀ ਸੀ, ਪਰ ਇਹ ਦੂਜਾ ਸ਼ੈਤਾਨ ਬਾਹਰ ਨਿਕਲ ਆਇਆ ਤੇ ਅਸੀਂ ਖ਼ਾਲੀ ਹੱਥ ਨਹੀਂ ਸੀ ਮੁੜਨਾ ਚਾਹੁੰਦੇ, ਕਿਉਂਕਿ ਅਸੀਂ ਤਿਆਰੀ ਕਰਨ ਵਿਚ ਵਾਹਵਾ ਖੇਚਲ ਕੀਤੀ ਹੋਈ ਸੀ ।" ਤੇ ਫੇਰ ਉਹਨੇ ਆਖਿਆ, "ਖ਼ੈਰ, ਕੁਝ ਮੁੱਢ ਤਾਂ ਬੱਝਿਆ ਹੈ ।"

ਮੈਂ ਕਿਹਾ, "ਇਸ ਕਤਲ ਬਾਰੇ ਇਕ ਹੋਰ ਰਾਇ ਵੀ ਹੈ, ਗਾਂਧੀ ਦੇ ਪੈਰੋਕਾਰਾਂ ਦੀ ਰਾਇ ।"

ਉਹਨੇ ਕਿਹਾ, "ਅਸੀਂ ਇਹਨੂੰ ਪਹਿਲਾਂ ਹੀ ਜਾਣਦੇ ਸੀ । ਇਸ ਐਕਸ਼ਨ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਅਸੀਂ ਇਸ ਉਤੇ ਵਿਚਾਰ ਕੀਤੀ ਸੀ ।" ਫੇਰ ਉਹਨੇ ਨਫ਼ਰਤ ਨਾਲ ਕਿਹਾ, "ਗਾਂਧੀ ਨੇ (੧੯੨੧-੨੨ ਵਿਚ) ਚੌਰੀ-ਚੌਰਾ ਦੀ ਘਟਨਾ ਤੋਂ

ਬਾਅਦ ਨਾ-ਮਿਲਵਰਤਣ ਦੀ ਲਹਿਰ ਵਾਪਸ ਲੈ ਕੇ ਕੌਮ ਦੀ ਪਿਠ ਵਿਚ ਛੁਰਾ ਖੋਭਿਆ ਸੀ। ਲੋਕ ਅਜੇ ਵੀ ਉਸੇ ਮਾਯੂਸੀ ਅਤੇ ਸਾਹਸਹੀਣਤਾ ਦੀ ਮਾਰ ਹੇਠ ਹਨ, ਜਿਸ ਵਿਚ ਗਾਂਧੀ ਨੇ ਦੇਸ਼ ਨੂੰ ਪਾਇਆ ਸੀ।"

ਫੇਰ ਉਹਨੇ ਕਿਹਾ, "ਪਰ ਇਸ ਗੱਲ ਨੂੰ ਲਾਂਭੇ ਛੱਡ। ਕੀ ਤੈਨੂੰ ਪਤਾ ਹੈ ਕਿ ਸਾਂਡਰਸ ਦੇ ਕਤਲ ਦਾ ਅੰਗਰੇਜ਼ ਹਾਕਮਾਂ ਉਤੇ ਕੀ ਅਸਰ ਪਿਆ ਹੈ?"

"ਮੈਂ ਨਹੀਂ ਜਾਣਦਾ। ਇਸ ਗੱਲ ਦਾ ਪਤਾ ਤਾਂ ਕੁਝ ਸਮੇਂ ਤੋਂ ਬਾਅਦ ਹੀ ਲਗੇਗਾ।"

ਉਹ ਬੋਲਿਆ, "ਉਹਨਾਂ ਵਿਚ ਬੜੀ ਸਖਤ ਘਬਰਾਹਟ ਹੈ। ਉਹਨਾਂ ਵਿਚੋਂ ਕੁਝ ਇਕ ਨੇ ਤਾਂ ਆਪਣੀਆਂ ਪਤਨੀਆਂ ਅਤੇ ਬੱਚਿਆਂ ਦੀਆਂ ਸੀਟਾਂ ਇੰਗਲੈਂਡ ਲਈ ਬੁੱਕ ਵੀ ਕਰਵਾ ਲਈਆਂ ਹਨ। ਉਹ ਬਹੁਤ ਹੀ ਡਰ ਗਏ ਹਨ।"

ਮੈਂ ਆਪਣੀ ਰਾਇ ਦਿਤੀ, "ਪਰ ਇਹ ਘਬਰਾਹਟ ਆਰਜ਼ੀ ਹੈ। ਇਹ ਛੇਤੀ ਹੀ ਖ਼ਤਮ ਹੋ ਜਾਵੇਗੀ।"

"ਇਸ ਐਕਸ਼ਨ ਬਾਰੇ ਤੇਰਾ ਕੀ ਖ਼ਿਆਲ ਹੈ?"

"ਮੇਰੇ ਵਿਚਾਰਾਂ ਦਾ ਤਾਂ ਤੈਨੂੰ ਪਤਾ ਹੀ ਹੈ। ਅਸੀਂ ਕਈ ਵਾਰੀ ਇਸ ਮਸਲੇ ਉਤੇ ਗੱਲਾਂ ਕਰ ਚੁਕੇ ਹਾਂ। ਨੌਜਵਾਨ ਭਾਰਤ ਸਭਾ ਦੇ ਸਾਡੇ ਵਰਕਰ ਗਰਿਫਤਾਰ ਕੀਤੇ ਜਾਣਗੇ। ਵਧੇਰੇ ਤਸ਼ੱਦਦ ਹੋਵੇਗਾ ਅਤੇ ਲਹਿਰ ਨੂੰ ਨੁਕਸਾਨ ਪੁਜੇਗਾ। ਇਹ ਮੱਠੀ ਪੈ ਜਾਵੇਗੀ।"

ਉਹਨੇ ਆਖਿਆ, "ਮੈਂ ਨਹੀਂ ਮੰਨਦਾ ਇਹ ਗੱਲ। ਇਸ ਐਕਸ਼ਨ ਨਾਲ ਲੋਕਾਂ ਵਿਚ ਜੋਸ਼ ਆਵੇਗਾ ਅਤੇ ਲਹਿਰ ਮਜ਼ਬੂਤ ਹੋਵੇਗੀ।"

ਇਸ ਸਾਰੀ ਗੱਲਬਾਤ ਵਿਚ ਸੁਖਦੇਵ ਨੇ ਇਕ ਲਫ਼ਜ਼ ਵੀ ਨਾ ਕਿਹਾ। ਉਹ ਮੈਨੂੰ ਪਹਿਲੀ ਵਾਰ ਮਿਲ ਰਿਹਾ ਸੀ।

ਫੇਰ ਮੈਨੂੰ ਭਗਤ ਸਿੰਘ ਨੇ ਪੁੱਛਿਆ ਕਿ ਮੈਂ ਕਲਕੱਤੇ ਕਾਨਫਰੰਸ ਲਈ ਕਦੋਂ ਜਾ ਰਿਹਾ ਸੀ। ਮੈਂ ਜਵਾਬ ਦਿਤਾ "ਕਲ੍ਹ।"

"ਅੱਛਾ, ਤੂੰ ਆਪਣੇ ਰਾਹ ਜਾਈਂ, ਅਸੀਂ ਆਪਣੇ ਜਾਵਾਂਗੇ।"

ਏਨੇ ਨਾਲ ਸਾਡੀ ਗੱਲਬਾਤ ਮੁੱਕ ਗਈ।

ਘਰ ਵਿਚ ਕੇਵਲ ਦੋ ਮੰਜੀਆਂ ਹੀ ਸਨ। ਸੁਖਦੇਵ ਇਕ ਉਤੇ ਸੌਂ ਗਿਆ ਅਤੇ ਦੂਜੀ ਵਡੀ ਮੰਜੀ ਉਤੇ ਭਗਤ ਸਿੰਘ ਤੇ ਮੈਂ ਸੌਂ ਗਏ। ਉਹ ਸਵੇਰ ਦੇ ਚਾਰ ਵਜੇ ਤੋਂ ਕੁਝ ਪਹਿਲਾਂ ਉਠੇ ਅਤੇ ਜਾਣ ਲਈ ਤਿਆਰ ਹੋ ਗਏ। ਪੁਸਤਕ "ਲਿਬਰਟੀ ਐਂਡ ਦਾ ਗਰੇਟ ਲਿਬਰਟੇਰੀਅਨਜ਼" ਜੋਹਦਾ ਲੇਖਕ ਟੀ. ਸਪਰੇਡਿੰਗ ਸੀ, ਮੇਜ਼ ਉਤੇ ਪਈ ਸੀ। ਇਹ ਬੁਰਜੁਆ ਇਨਕਲਾਬੀਆਂ ਦੀਆਂ ਟੂਕਾਂ ਦੀ ਪੁਸਤਕ ਸੀ। ਇਹਨੇ ਕਮਿਊਨਿਸਟ ਲਹਿਰ ਵਲ ਆਉਣ ਵਿਚ ਮੇਰੀ ਬਹੁਤ ਸਹਾਇਤਾ ਕੀਤੀ ਸੀ। ਇਹ ਮੈਂ ਲਾਹੌਰ ਕਿਲ੍ਹੇ ਵਿਚ ਹਾਸਲ ਕੀਤੀ ਸੀ, ਜਦੋਂ ਮੇਰੇ ਉਤੇ ਅਕਾਲੀ ਮੋਹਰਾ ਵਾਲਾ ਸਾਜ਼ਿਸ਼ ਕੇਸ ਚਲ ਰਿਹਾ ਸੀ। ਇਸ ਉਤੇ ਸੈਂਸਰ ਦੀ ਮੋਹਰ ਲਗੀ ਹੋਈ ਸੀ। ਇਸ ਉਤੇ ਥਾਣੇਦਾਰ ਦਰਿਆਓ ਸਿੰਘ ਦੇ ਦਸਖ਼ਤ ਸਨ ਅਤੇ ਮੇਰਾ ਨਾਂ ਲਿਖਿਆ ਹੋਇਆ ਸੀ। ਮੇਰਾ ਜੀਅ ਇਹ ਕਿਤਾਬ ਦੇਣ ਨੂੰ ਨਹੀਂ ਸੀ ਕਰਦਾ। ਪਰ ਭਗਤ ਸਿੰਘ ਨੇ ਵਾਅਦਾ ਕੀਤਾ ਕਿ ਉਹ ਇਹਨੂੰ ਪੜ੍ਹ ਕੇ ਮੋੜ ਦੇਵੇਗਾ ਅਤੇ ਉਹ ਕਿਤਾਬ ਲੈ ਗਿਆ।

ਅਸੀਂ ਇਕ ਦੂਜੇ ਨੂੰ ਜੱਫੀ ਪਾਈ ਅਤੇ ਵਿਛੜ ਗਏ। ਉਹਨੇ ਇਸ ਗੱਲ ਦਾ ਕੋਈ ਸੰਕੇਤ ਨਾ ਦਿਤਾ ਕਿ ਉਹ ਕਿਸ ਪਾਸੇ ਵਲ ਜਾ ਰਿਹਾ ਸੀ।

ਮੈਂ ਮੰਗਲਵਾਰ, ੧੮ ਦਸੰਬਰ ਨੂੰ ਕਲਕੱਤੇ ਲਈ ਚੱਲ ਪਿਆ। ਮੈਂ ਕੁੱਲ-ਹਿੰਦ ਵਰਕਰਜ਼ ਐਂਡ ਪੈਜ਼ੈਂਟਸ ਕਾਨਫਰੰਸ ਦੀ ਪਰਧਾਨਗੀ ਕਰਨੀ ਸੀ, ਜਿਹੜੀ ਉਥੇ ਹੋ ਰਹੀ ਸੀ। ਭਾਗ ਸਿੰਘ, ਫ਼ੀਰੋਜ਼ਦੀਨ ਮਨਸੂਰ (ਜੋ ਮਾਸਕੋ ਤੋਂ ਪਰਤਿਆ ਸੀ) ਅਤੇ ਤਿੰਨ ਜਣੇ ਹੋਰ ਮੇਰੇ ਨਾਲ ਗਏ ਸਨ। ਜਿਵੇਂ ਕਿ ਆਸ ਹੀ ਸੀ, ੧੯ ਦਸੰਬਰ ਨੂੰ ਲਾਹੌਰ ਵਿਚ ਨੌਜਵਾਨ ਭਾਰਤ ਸਭਾ ਅਤੇ ਸਟੂਡੈਂਟਸ ਯੂਨੀਅਨ ਨਾਲ ਸਬੰਧਤ ਨੌਜਵਾਨਾਂ ਦੀਆਂ ਵਡੇ ਪੈਮਾਨੇ ਉਤੇ ਗਰਿਫਤਾਰੀਆਂ ਹੋਈਆਂ। ਭਾਰਤ ਸਰਕਾਰ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਉਹ ਸਾਂਡਰਸ ਦੇ ਕਾਤਲਾਂ ਬਾਰੇ ਕੀ ਕਰ ਰਹੀ ਸੀ। ਪੰਜਾਬ ਸਰਕਾਰ ਨੇ ਜਵਾਬ ਦਿਤਾ ਕਿ ਉਹ "ਵੱਧ ਤੋਂ ਵੱਧ ਜ਼ੋਰ ਨਾਲ" ਤਫ਼ਤੀਸ਼ ਕਰ ਰਹੀ ਸੀ। ੧੬ ਆਦਮੀਆਂ ਨੂੰ "ਕਤਲ, ਕਤਲ ਲਈ ਹਲਾਸ਼ੇਰੀ ਅਤੇ ਮੁਜਰਮਾਨਾ ਸਾਜ਼ਿਸ਼ ਦੇ ਧਾਰਕ ਸੰਘ" ਦੇ ਆਧਾਰ ਉਤੇ ਗਰਿਫਤਾਰ ਕੀਤਾ ਗਿਆ। ਤਿੰਨਾ ਹੋਰਨਾਂ ਦੀ ਗਰਿਫਤਾਰੀ ਦੇ ਹੁਕਮ ਜਾਰੀ ਕੀਤੇ ਗਏ ਸਨ — ਮਹਿਤਾ


FOR ANY KIND OF
PHOTOGRAPHY
REMEMBER
SANDEEP
STUDIO
CALL
HARCHARAN SINGH JHUTEE
435-3634



KALA-MANDIR
Presents
SHAM-E-GAZAL



A Combination of Poetry, Music & Melody
ON APRIL 15, SATURDAY 8:00 p.m.
AT KOERNER MUSIC HALL
1270 CHESTNUT ST., VANCOUVER
OPPOSITE VAN. PLANETARIUM
ADD. $2.00

INFORMATION:
321-9888 NARINDER
731-2645 JASPAL

ਅਨੰਦ ਕਿਸ਼ੋਰ; ਪਰਧਾਨ ਨੌਜਵਾਨ ਭਾਰਤ ਸਭਾ, ਅੰਮ੍ਰਿਤਸਰ, ਸੋਹਨ ਸਿੰਘ ਜੋਸ਼ (ਨੰਬਰ ੧੮) ; ਅਤੇ ਰਾਮ ਚੰਦਰ ।

ਗ੍ਰਿਫਤਾਰ ਕੀਤੇ ਗਏ ਬਹੁਤੇ ਮਹੱਤਵਪੂਰਨ ਲੋਕ ਇਹ ਸਨ : ਧਨਵੰਤਰੀ, ਵੀਰਿੰਦਰ, ਅਹਿਮਦ ਦੀਨ, ਕਿਦਾਰਨਾਥ ਸਹਿਗਲ, ਮੀਰ ਮੁਹੰਮਦ ਅਫਜ਼ਲ, ਸੰਤ ਰਾਮ ਪਾਧਾ, ਮੀਰ ਅਬਦੁੱਲ ਮਜੀਦ (ਲਾਹੌਰ), ਹਰੀ ਰਾਮ ਸੇਠੀ (ਰਾਵਲਪਿੰਡੀ), ਕਸ਼ਬ ਬੰਧੂ (ਕਸ਼ਮੀਰ) ਅਤੇ ਰਾਜ ਕਿਸ਼ੋਰ ਸਿੰਘ (ਯੂ ਪੀ), ਆਦਿ ।[੧੭]

ਮੈਂ ਕਿਉਂਕਿ ਪੰਜਾਬ ਦੀ ਸਰਹੱਦ ਪਾਰ ਕਰ ਚੁਕਿਆ ਸੀ, ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਤਾਰ ਦਿਤੀ ਕਿ ਮੈਨੂੰ ਗ੍ਰਿਫਤਾਰ ਕਰ ਲਿਆ ਜਾਵੇ । ਭਾਰਤ ਸਰਕਾਰ ਨੇ ਤਾਰ ਰਾਹੀਂ ਬੰਗਾਲ ਸਰਕਾਰ ਨੂੰ ਗ੍ਰਿਫਤਾਰੀ ਦਾ ਸੁਨੇਹਾ ਭੇਜਿਆ । ਬੰਗਾਲ ਸਰਕਾਰ ਦਾ ਇਸ ਸੰਬੰਧ ਵਿਚ ਜਵਾਬ ਮਿਲਣ ਮਗਰੋਂ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਨੂੰ ਇਹਦਾ ਜਵਾਬ ਇਉਂ ਦਿਤਾ : "ਕਿਉਂਕਿ ਸੋਹਨ ਸਿੰਘ ਜੋਸ਼ ਨੇ...ਵਰਕਰਜ਼ ਐਂਡ ਪੈਜ਼ੈਂਟਸ ਕਾਨਫਰੰਸ ਦੀ ਪਰਧਾਨਗੀ ਕਰਨੀ ਹੈ, ਇਸ ਲਈ ਉਹਦੀ ਗ੍ਰਿਫਤਾਰੀ ਬੰਗਾਲ ਸਰਕਾਰ ਦੇ ਕਹਿਣ ਉਤੇ ਕਾਨਫਰੰਸ ਦੇ ਖ਼ਾਤਮੇ ਤਕ ਮੁਲਤਵੀ ਕੀਤੀ ਗਈ ਹੈ ।"[੧੮]

੨੦ ਦਸੰਬਰ ਨੂੰ ਸਵੇਰੇ ਅੱਠ ਵਜੇ ਅਸੀਂ ਕਲਕੱਤੇ ਪਹੁੰਚ ਗਏ । ਅਸੀਂ ਬੇੜੀ ਵਿਚ ਦਰਿਆ ਪਾਰ ਕੀਤਾ ਅਤੇ ੧੨੧, ਲੋਅਰ ਸਰਕੁਲਰ ਰੋਡ ਪੁਜੇ ਅਤੇ ਉਥੇ ਠਹਿਰੇ ।[੧੯] ਕੁੱਲ-ਹਿੰਦ ਵਰਕਰਜ਼ ਐਂਡ ਪੈਜ਼ੈਂਟਸ ਕਾਨਫਰੰਸ ੨੧ ਦਸੰਬਰ ਨੂੰ ਦੁਪਹਿਰ ਦੇ ੨ ਵਜੇ ਤੋਂ ਕੁਝ ਚਿਰ ਪਿਛੋਂ ਐਲਬਰਟ ਹਾਲ ਵਿਚ ਆਰੰਭ ਹੋਈ । ਮੈਂ ਕਾਨਫਰੰਸ ਦੇ ਨਾਂ ਆਪਣਾ ਲਿਖਤੀ ਐਡਰੈਸ ਪੜ੍ਹਿਆ[੨੦] ਅਤੇ ਫੇਰ ਅਸੀਂ ੬.੩੦ ਵਜੇ ਸ਼ਾਮ ਸਮਾਪਤੀ ਕੀਤੀ । ੨੨ ਤਾਰੀਖ ਕੋਈ ਇਜਲਾਸ ਨਹੀਂ ਸੀ । ੨੩ ਦਸੰਬਰ, ਐਤਵਾਰ ਨੂੰ ਕਾਨਫਰੰਸ ਫੇਰ ਜੁੜੀ ਅਤੇ ਇਹਨੇ ਆਪਣੀ ਕਾਰਵਾਈ ਜਾਰੀ ਰਖੀ । ੨੪ ਦਸੰਬਰ ਨੂੰ ਜਦੋਂ ਮੈਂ ਕਾਨਫਰੰਸ ਦੀ ਪਰਧਾਨਗੀ ਕਰ ਰਿਹਾ ਸੀ, ਮੈਨੂੰ ਸੁਨੇਹਾ ਮਿਲਿਆ ਕਿ ਇਕ ਆਦਮੀ ਚਾਹੁੰਦਾ ਸੀ ਕਿ ਮੈਂ ਕਾਨਫਰੰਸ ਦੇ ਹਾਲ ਤੋਂ ਬਾਹਰ ਜਾਵਾਂ ਅਤੇ ਉਹਨੂੰ ਮਿਲਾਂ । ਮੈਂ ਕਿਹਾ ਕਿ ਕਾਨਫਰੰਸ ਦੀ ਪਰਧਾਨਗੀ ਕਰਦਿਆਂ ਹੋਇਆਂ ਮੈਂ ਵਿਚੋਂ ਵਿਚੋਂ ਹੀ ਉੱਠ ਕੇ ਜਾ ਸਕਦਾ ਹਾਂ । ਪਰ ਸੁਨੇਹਾ ਲਿਆਉਣ ਵਾਲਾ ਬੜੀ ਹੀ ਜ਼ਿੱਦ ਕਰ ਰਿਹਾ ਸੀ ਕਿ ਮੈਂ ਉਹਦੇ ਨਾਲ ਜਾ ਕੇ ਉਸ ਆਦਮੀ ਨੂੰ ਮਿਲਾਂ । ਮੈਂ ਇਕ ਹੋਰ ਸਾਥੀ ਨੂੰ ਪਰਧਾਨਗੀ ਸੰਭਾਲਣ ਲਈ ਬੇਨਤੀ ਕੀਤੀ ਅਤੇ ਉਸ ਆਦਮੀ ਨਾਲ ਹਾਲ ਤੋਂ ਬਾਹਰ ਚਲਿਆ ਗਿਆ ।

ਤਕਰੀਬਨ ਇਕ ਫਰਲਾਂਗ ਪੈਦਲ ਚਲਣ ਤੋਂ ਬਾਅਦ ਮੇਰਾ ਰਾਹਨੁਮਾ ਇਕ ਨਾਈ ਦੀ ਦੁਕਾਨ ਵਿਚ ਵੜ ਗਿਆ ਅਤੇ ਮੈਂ ਵੀ ਉਸ ਦੇ ਪਿਛੇ ਪਿਛੇ ਚਲਿਆ ਗਿਆ । ਮੈਂ ਵੇਖ ਕੇ ਹੈਰਾਨ ਹੋ ਰਹਿ ਗਿਆ ਕਿ ਭਗਤ ਸਿੰਘ ਇਕ ਕੁਰਸੀ ਉਤੇ ਬੈਠਾ ਮੇਰੀ ਉਡੀਕ ਕਰ ਰਿਹਾ ਸੀ । ਮੈਂ ਹੱਕਾ-ਬੱਕਾ ਰਹਿ ਗਿਆ । ਜ਼ਰਾ ਸੋਚੋ, ਜੋਸ਼ ਆਪਣੀ ਲੰਮੀ ਦਾੜ੍ਹੀ ਨਾਲ ਅਤੇ ਹੋਰ ਸਾਰੇ ਸਿੱਖ ਪਹਿਰਾਵੇ ਨਾਲ ਕਲਕੱਤੇ ਵਿਚ ਇਕ ਨਾਈ ਦੀ ਦੁਕਾਨ ਵਿਚ ਵੜ ਰਿਹਾ ਸੀ ਅਤੇ ਸੀ ਆਈ ਡੀ ਉਹਦਾ ਪਿੱਛਾ ਕਰਦੀ ਹੀ ਰਹਿੰਦੀ ਸੀ ਤੇ ਥਾਂ ਥਾਂ ਭਗਤ ਸਿੰਘ ਦੀ ਭਾਲ ਵੀ ਕਰ ਰਹੀ ਸੀ । ਇਹ ਸਭ ਕੁਝ ਕੇਵਲ ਸ਼ੱਕੀ ਹਾਲਤ ਹੀ ਪੈਦਾ ਨਹੀਂ ਸੀ ਕਰਦਾ, ਸਗੋਂ ਦੁਸ਼ਮਣ ਨੂੰ ਸੱਦਾ ਦੇ ਰਿਹਾ ਸੀ ਕਿ ਆਓ, ਸਾਨੂੰ ਫੜ ਲਵੋ । ਮੈਂ ਭਗਤ ਸਿੰਘ ਉਤੇ ਇਹ ਮੂਰਖਾਂ ਵਾਲੀ ਗੱਲ ਕਰਨ ਬਾਰੇ ਖਿਝਿਆ । ਉਹ ਹੱਸਿਆ ਅਤੇ ਉਹਨੇ ਸਦਾ ਵਾਂਗ ਬੜੀ ਬੇਫ਼ਿਕਰੀ ਨਾਲ ਜਵਾਬ ਦਿਤਾ, "ਫ਼ਿਕਰ ਨਾ ਕਰ, ਕੁਝ ਨਹੀਂ ਹੋਣ ਲਗਿਆ । ਅਸੀਂ ਸਾਰੇ ਪਰਬੰਧ ਕਰ ਛੱਡੇ ਹਨ ।" ਉਹਨੇ ਕੀ ਪਰਬੰਧ ਕੀਤੇ ਹੋਏ ਸਨ, ਮੈਨੂੰ ਇਸ ਗੱਲ ਦਾ ਅਜ ਤਕ ਵੀ ਪਤਾ ਨਹੀਂ ।

ਫੇਰ ਕਾਨਫਰੰਸ ਵਿਚ ਦਿਲਚਸਪੀ ਲੈਂਦਿਆਂ ਉਹਨੇ ਉਹਦੀ ਕਾਰਵਾਈ ਬਾਰੇ ਪੁੱਛਿਆ । ਉਹਨੇ ਪੁੱਛਿਆ ਕਿ ਕਿਹੜੇ ਕਿਹੜੇ ਉਘੇ ਆਗੂ ਇਸ ਵਿਚ ਹਿੱਸਾ ਲੈ ਰਹੇ ਸਨ ਅਤੇ ਕਿਨ੍ਹਾਂ ਕਿਨ੍ਹਾਂ ਸੂਬਿਆਂ ਦੇ ਪ੍ਰਤੀਨਿਧ ਆਏ ਹੋਏ ਸਨ, ਆਦਿ । ਇਹ ਸਾਰੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਉਹਨੇ ਕਿਹਾ : "ਤੁਸੀਂ ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰੋ ਅਤੇ ਅਸੀਂ ਬਦਤਾਨਵੀ ਹਾਕਮਾਂ ਦੀ ਜਥੇਬੰਦੀ ਨੂੰ ਤੋੜਾਂਗੇ । ਆਓ, ਇਸ ਤਰ੍ਹਾਂ ਦੀ ਵੰਡ-ਵੰਡ ਕਰ ਲਈਏ ।"[੨੧]


ਡਾ. ਗੇਬ੍ਰੀਅਲ ਯੰਗ & ਐਸੋਸੀਏਟਸ
201 - 6445 ਫਰੇਜ਼ਰ ਸਟ੍ਰੀਟ
ਵੈਨਕੂਵਰ, ਬੀ.ਸੀ. ਫੋਨ ਨੰ: 324-7375

ਸਾਡੇ ਆਫਿਸ ਵਿੱਚ ਹਿੰਦੀ, ਪੰਜਾਬੀ, ਉਰਦੂ ਬੋਲਣ ਵਾਲੀ ਰਿਸੈਪਸ਼ਨਿਸਟ (receptionist) ਦੀ ਮਦਦ ਨਾਲ ਆਪਣੀ ਬੀਮਾਰੀ ਜਾਂ ਤਕਲੀਫ ਬਾਰੇ ਤੁਸੀਂ ਡਾਕਟਰ ਨਾਲ ਆਸਾਨੀ ਨਾਲ, ਖੁਲ੍ਹ ਕੇ ਗਲਬਾਤ ਕਰ ਸਕਦੇ ਹੋ।
ਇਥੇ ਆਓ ਅਤੇ ਆਪਣੀ ਤਕਲੀਫਾਂ ਅਤੇ ਬੀਮਾਰੀਆਂ ਦਾ ਇਲਾਜ ਕਰਵਾਓ।

ਆਫਿਸ ਦੇ ਖੁਲ੍ਹਣ ਦਾ ਸਮਾਂ:
ਸੋਮਵਾਰ ਤੋਂ ਸ਼ੁਕਰਵਾਰ : 9:00 am - 5:30 pm.
ਸ਼ਨਿਚਰਵਾਰ : 9:00 am - 12:30 ਦੁਪ.

DR. GABRIEL YONG & ASSOCIATES
201 - 6445 FRASER ST., VAN. B.C.





**H & S CONSTRUCTIONS (LTD)**

*SPECIALIZING IN*

**Drywalling, filling, taping, spraytex**

**new & old ceilings**

**Remodelling & finishing basement suites**

[illegible] ਦਾ ਹਰ ਪ੍ਰਕਾਰ ਦਾ ਕੰਮ ਨਵੀਆਂ ਤੇ ਪੁਰਾਣੀਆਂ ਛੱਤਾਂ ਦੀ ਸਪਰੇਅ ਅਤੇ ਬੇਸਮੈਂਟ ਬਣਾਉਣ ਦਾ ਤਸੱਲੀ ਬਖਸ਼ ਕੰਮ ਘੱਟ ਕੀਮਤਾਂ ਤੇ ਕੀਤਾ ਜਾਂਦਾ ਹੈ।
ਹਰ ਕਿਸਮ ਦੀ ਪੁੱਛ ਗਿੱਛ ਲਈ ਫੂਨ ਕਰੋ।

MALKIT SOHAL

**Telephone 324-4106**

ਕਲਕੱਤੇ ਵਿਚ ਉਹ ਹੋਰ ਤਰੱਕੀਪਸੰਦ ਲੋਕਾਂ ਨੂੰ ਵੀ ਮਿਲਿਆ। ਇਸ ਗੱਲ ਦਾ ਮੈਨੂੰ ਬਹੁਤ ਬਾਅਦ ਵਿਚ ਪਤਾ ਲੱਗਿਆ। ਬਣਾਰਸ ਵਿਚ ਉਹ ੧੯੨੯ ਦੇ ਸ਼ੁਰੂ ਵਿਚ ਨਿਰਾਲੰਬਾ ਸਵਾਮੀ (ਜਿਹਦਾ ਨਾਂ ਪਹਿਲਾਂ ਜਤਿੰਦਰਨਾਥ ਬੈਨਰਜੀ ਸੀ) ਨੂੰ ਮਿਲਿਆ।

ਤਕਰੀਬਨ ੨੦ ਮਿੰਟਾਂ ਬਾਅਦ ਮੈਂ ਬਾਹਰ ਆ ਗਿਆ ਅਤੇ ਕਾਨਫਰੰਸ ਹਾਲ ਵਿਚ ਚਲਿਆ ਗਿਆ। ਉਸ ਸਮੇਂ ਭਗਤ ਸਿੰਘ ਨਾਈ ਦੀ ਦੁਕਾਨ ਵਿਚ ਹੀ ਰਿਹਾ। ਲੋਕ ਹਜਾਮਤ ਲਈ ਆ ਜਾ ਰਹੇ ਸਨ। ਇਹ ਥਾਂ ਅਜਿਹੀ ਰਾਜਨੀਤਕ ਗੱਲਬਾਤ ਲਈ ਠੀਕ ਨਹੀਂ ਸੀ।

ਇਹ ਭਗਤ ਸਿੰਘ ਨਾਲ ਮੇਰੀ ਆਖਰੀ ਮੁਲਾਕਾਤ ਸੀ। ਇਹਤੋਂ ਬਾਅਦ ਅਸੀਂ ਕਦੀ ਇਕ ਦੂਜੇ ਨੂੰ ਨਾ ਮਿਲ ਸਕੇ। ਮੈਨੂੰ ਕਾਨਫਰੰਸ ਤੋਂ ਤਿੰਨ ਮਹੀਨੇ ਬਾਅਦ ਗ੍ਰਿਫਤਾਰ ਕਰ ਲੀਤਾ ਗਿਆ। ਇਸ ਸਮੇਂ ਵਿਚ ਸਰਕਾਰ ਨੇ ਆਪਣਾ ਇਰਾਦਾ ਬਦਲ ਲਿਆ ਸੀ ਅਤੇ ਸਾਨੂੰ ਇਕ ਵੱਡੇ ਜਾਲ ਵਿਚ ਫਸਾਉਣ ਦਾ ਫੈਸਲਾ ਕਰ ਲਿਆ ਸੀ।

ਡੀ. ਪੈਟਰੀ ਅਤੇ ਆਰ. ਏ. ਹਾਰਟਨ ਭਾਰਤ ਸਰਕਾਰ ਵਲੋਂ ਟਰੇਡ ਯੂਨੀਅਨਿਸਟਾਂ, ਕਿਸਾਨ ਲੀਡਰਾਂ ਅਤੇ ਕਮਿਊਨਿਸਟਾਂ ਵਿਰੁਧ ਇਕ ਕਮਿਊਨਿਸਟ ਸਾਜ਼ਿਸ਼ ਕੇਸ ਬਣਾ ਰਹੇ ਸਨ। "ਹਾਰਟਨ ਅਤੇ ਮੈਂ ਇਹਨੂੰ ਛੇਤੀ ਹੀ ਅਦਾਲਤ ਵਿਚ ਲਿਆਵਾਂਗੇ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਸਜ਼ਾਵਾਂ ਹੋਣਗੀਆਂ" (ਡੀ. ਪੈਟਰੀ, ੧੫ ਜਨਵਰੀ ੧੯੨੯)। "ਇਹ ਮੇਰੀ ਸੋਚੀ-ਸਮਝੀ ਰਾਇ ਹੈ ਕਿ '੨੯ ਆਦਮੀਆਂ ਵਿਰੁਧ' ਸਾਜ਼ਿਸ਼ ਦਾ ਇਕ ਮਜ਼ਬੂਤ ਕੇਸ ਸਿੱਧ ਕਰਨ ਲਈ ਕਾਫ਼ੀ ਸਬੂਤ ਮੌਜੂਦ ਹਨ। (ਨਾਵਾਂ ਦੀ ਸੂਚੀ ਦਿਤੀ ਜਾ ਰਹੀ ਹੈ, ਪਰ ਇਹ ਅੰਤਿਮ ਨਹੀਂ ਹੈ)" (ਆਰ. ਏ. ਹਾਰਟਨ, ੧੫ ਜਨਵਰੀ ੧੯੨੯)। ਸੈਕਰੇਟਰੀ ਆਫ਼ ਸਟੇਟ ਨੇ ਕੁਝ ਝਿਜਕ ਤੋਂ ਬਾਅਦ, ਕਿਉਂਕਿ ਦੋ ਅੰਗਰੇਜ਼ ਵੀ ਕੇਸ ਵਿਚ ਸ਼ਾਮਲ ਸਨ, ਸਾਜ਼ਿਸ਼ ਕੇਸ ਚਲਾਉਣ ਦੀ ਆਗਿਆ ਦੇ ਦਿੱਤੀ[22]। ਇਕ ਤੀਜੇ ਅੰਗਰੇਜ਼ ਨੂੰ ਬਾਅਦ ਵਿਚ ਸ਼ਾਮਲ ਕੀਤਾ ਗਿਆ। ਸਰਕਾਰ ਦਾ ਮੰਤਵ ਇਹ ਸੀ ਕਿ ਭਾਰਤ ਵਿਚ ਕਮਿਊਨਿਸਟ ਲਹਿਰ ਨੂੰ ਦਬਾ ਦਿਤਾ ਜਾਵੇ।

੨੦ ਮਾਰਚ ੧੯੨੯ ਨੂੰ ਮੈਨੂੰ ੩੨ ਹੋਰ ਕਮਿਊਨਿਸਟ, ਟਰੇਡ ਯੂਨੀਅਨ ਅਤੇ ਵਰਕਰਜ਼ ਐਂਡ ਪੈਜ਼ੈਂਟਸ ਪਾਰਟੀ ਦੇ ਆਗੂਆਂ ਸਮੇਤ ਮੇਰਠ ਕਮਿਊਨਿਸਟ ਸਾਜ਼ਿਸ਼ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਕੀਤੇ ਆਗੂ ਪੰਜਾਬ, ਯੂ ਪੀ ਅਤੇ ਬੰਗਾਲ ਤੇ ਬੰਬਈ ਪਰੈਜ਼ੀਡੈਂਸੀਆਂ ਦੇ ਸਨ। ਪੁਲੀਸ ਨੇ ਮੇਰੇ ਸਾਰੇ ਕਾਗਜ਼, ਚਿਠੀ-ਪੱਤਰ, ਪੈਂਫਲਿਟ ਅਤੇ ਕਿਤਾਬਾਂ ਮੇਰੇ ਪਿੰਡੋਂ ਅਤੇ ਅੰਮ੍ਰਿਤਸਰ ਵਾਲੇ ਦਫ਼ਤਰ-ਅਤੇ-ਘਰ ਵਿਚੋਂ ਆਪਣੇ ਕਬਜ਼ੇ ਵਿਚ ਲੈ ਲਈਆਂ ਅਤੇ ਇਹ ਸਭ ਕੁਝ ਮੇਰਠ ਪੁਚਾਇਆ ਗਿਆ।

ਮੈਨੂੰ ਪਤਾ ਸੀ ਕਿ ਸਾਡੀਆਂ ਗ੍ਰਿਫ਼ਤਾਰੀਆਂ ਤੋਂ ਬਾਅਦ ਭਗਤ ਸਿੰਘ ਅਤੇ ਉਹਦਾ ਗਰੁੱਪ ਕੋਈ ਦਲੇਰੀ ਵਾਲਾ ਕਦਮ ਚੁਕਣਗੇ। ਸਾਡੀਆਂ ਗ੍ਰਿਫ਼ਤਾਰੀਆਂ ਤੋਂ ਪਹਿਲਾਂ ਦੇਸ਼ ਵਿਚ ਇਕ ਕਿਸਮ ਦੀ ਚੁੱਪ-ਚਾਂ ਅਤੇ ਬੇਹਰਕਤੀ ਦਾ ਮਾਹੌਲ ਸੀ, ਜਿਸ ਕਾਰਨ ਸਾਰੇ ਦੇਸ਼ ਦਾ ਧਿਆਨ ਮੇਰਠ ਵਲ ਖਿੱਚਿਆ ਗਿਆ। ਸਾਜ਼ਿਸ਼ ਵਿਚ ਯੋਰਪ ਵਲੋਂ ਤਿੰਨ ਅੰਗਰੇਜ਼ਾਂ ਨੂੰ ਫਸਾਏ ਜਾਣ ਨੇ ਇਸ ਮੁਕੱਦਮੇ ਨੂੰ ਹੋਰ ਵੀ ਮਸ਼ਹੂਰ ਕਰ ਦਿੱਤਾ। ਦਿੱਲੀ ਦੇ ਸਾਰੇ ਦੈਨਿਕ ਅਖ਼ਬਾਰਾਂ ਨੇ ਆਪਣੇ ਪ੍ਰਤੀਨਿਧ ਮੇਰਠ ਭੇਜੇ। ਮੇਰਠ ਹੁਣ ਖ਼ਬਰਾਂ ਦਾ ਇਕ ਵੱਡਾ ਕੇਂਦਰ ਬਣ ਗਿਆ ਸੀ। ਇਹ ਗੱਲ ਦੱਸਣੀ ਚਾਹੀਦੀ ਹੈ ਕਿ ਪਰੈੱਸ ਨੇ ਇਸ ਕੇਸ ਬਾਰੇ ਖ਼ਬਰਾਂ ਛਾਪਦਿਆਂ ਆਪਣਾ ਸਾਮਰਾਜ-ਵਿਰੋਧੀ ਰੋਲ ਬੜੀ ਚੰਗੀ ਤਰ੍ਹਾਂ ਨਿਭਾਇਆ।

੮ ਅਪਰੈਲ ੧੯੨੯ ਨੂੰ ਦੁਨੀਆ ਨੂੰ ਪਤਾ ਲੱਗਿਆ ਕਿ ਭਗਤ ਸਿੰਘ ਅਤੇ ਦੱਤ ਨੇ ਦਿੱਲੀ ਵਿਚ ਸੈਂਟਰਲ ਅਸੈਂਬਲੀ ਹਾਲ ਵਿਚ ਬੰਬ ਸੁੱਟ ਦਿੱਤੇ ਹਨ, ਤਾਂ ਜੋ "ਇਕ ਜ਼ੋਰਦਾਰ ਆਵਾਜ਼ ਪੈਦਾ ਕੀਤੀ ਜਾਵੇ, ਜਿਹੜੀ ਬੋਲੇ ਕੰਨਾਂ ਨੂੰ ਵੀ ਸੁਣ ਪਵੇ।"

ਇਹਨਾਂ ਬੰਬਾਂ ਦਾ ਮਕਸਦ ਸਰਕਾਰੀ ਬੈਂਚਾਂ ਉਤੇ ਬੈਠੇ ਅੰਗਰੇਜ਼ ਮੈਂਬਰਾਂ ਨੂੰ ਜ਼ਖਮੀ ਕਰਨਾ ਜਾਂ ਕਤਲ ਕਰਨਾ ਨਹੀਂ ਸੀ ਜਾਂ ਵਿਰੋਧੀ ਬੈਂਚਾਂ ਉਤੇ ਬੈਠੇ ਮੈਂਬਰਾਂ ਨੂੰ ਜ਼ਖਮੀ ਕਰਨਾ ਨਹੀਂ ਸੀ, ਸਗੋਂ "ਸਾਡੇ ਉਤੇ ਪਬਲਿਕ ਸੇਫਟੀ ਅਤੇ ਟਰੇਡ




*A Service For 'You and Your family'*

Metropolitan Life's new service called "You and Your Family" shows how you can combine your life insurance, government social insurance benefits and other assets to provide the funds your family will need to meet their day-to-day living expenses when you are not around. Call me today and find out all about it.

**CHITRANJAN S. MANGAT**

950 Brentwood Mall
4567 Lougheed Hwy., Burnaby, B.C.
Telephone 291-6856 office;
594-2254 residence.

**Metropolitan Life**

Where the future is now

ਡਿਸਪਿਊਟਸ ਬਿੱਲ ਜਿਹੇ ਨਵੇਂ ਦਬਾਊ ਕਦਮ ਮੜ੍ਹੇ ਜਾਣ ਅਤੇ ਪਬਲਿਕ ਸੇਫ਼ਟੀ ਬਿਲ ਨੂੰ ਅਗਲੇ ਇਜਲਾਸ ਵਿਚ ਲਿਆਉਣ ਲਈ ਰਖੇ ਜਾਣ" ਵਿਰੁਧ ਰੋਸ ਪਰਗਟ ਕਰਨਾ ਅਤੇ ਤਾੜਨਾ ਕਰਨਾ ਸੀ। ਭਗਤ ਸਿੰਘ ਅਤੇ ਦੱਤ ਨੇ "ਖੁਲ੍ਹੇ ਕੰਮ ਕਰ ਰਹੇ ਮਜ਼ਦੂਰ ਆਗੂਆਂ ਦੀਆਂ ਅੰਧਾਧੁੰਦ ਗ੍ਰਿਫ਼ਤਾਰੀਆਂ" ਕਰਕੇ ਦਹਿਸ਼ਤ ਫੈਲਾਏ ਜਾਣ ਵਿਰੁਧ ਵੀ ਆਪਣੀ ਆਵਾਜ਼ ਉਚੀ ਕੀਤੀ। ਇਹ ਇਸ਼ਾਰਾ ਆਮ ਕਰਕੇ ਮੇਰਠ ਸਾਜ਼ਿਸ਼ ਕੇਸ ਵਿਚ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਵੱਲ ਸੀ। "ਇਨਕਲਾਬ, ਜ਼ਿੰਦਾਬਾਦ!" ਦੇ ਨਾਅਰੇ ਲਾਉਂਦਿਆਂ ਸੈਂਟਰਲ ਅਸੈਂਬਲੀ ਹਾਲ ਵਿਚ ਸੁੱਟੇ ਗਏ ਇਸ਼ਤਿਹਾਰਾਂ ਵਿਚ ਉਹਨਾਂ ਨੇ "ਲਾਲਾ ਲਾਜਪਤ ਰਾਇ ਦੇ ਨਿਰਦਈ ਕਤਲ" ਦਾ ਜ਼ਿਕਰ ਵੀ ਕੀਤਾ ਸੀ।[23]

ਇਸ ਦਲੇਰਾਨਾ ਐਕਸ਼ਨ ਨੇ ਮੈਨੂੰ ਪੰਜਾਬੀ ਕਿਰਤੀ ਵਿਚ ਲਿਖੇ ਭਗਤ ਸਿੰਘ ਦੇ ਇਕ ਲੇਖ ਦੀ ਯਾਦ ਸੱਜਰੀ ਕਰਵਾ ਦਿਤੀ। ਇਸ ਵਿਚ ਭਗਤ ਸਿੰਘ ਨੇ ਫ਼ਰਾਂਸੀਸੀ ਇਨਕਲਾਬੀ ਵਾਇਲਾਂ ਬਾਰੇ ਇਉਂ ਲਿਖਿਆ ਸੀ:

"ਯੂਰਪ ਵਿਚ ਜ਼ੁਲਮ, ਜਬਰ ਅਤੇ ਤਸ਼ੱਦਦ ਸਾਰੀਆਂ ਹੱਦਾਂ ਟਪ ਗਿਆ ਸੀ। ਅਰਾਜਕਤਾਵਾਦੀਆਂ ਨੇ ਸਰਕਾਰ ਅਤੇ ਉਹਦੀ ਪੁਲੀਸ ਦਾ ਸਾਹਮਣਾ ਕਰਨਾ ਅਤੇ ਉਸ ਨਾਲ ਟੱਕਰ ਲੈਣੀ ਆਰੰਭ ਦਿਤੀ। ਇਕ ਦਿਨ ਵਾਇਲਾਂ ਦਾ ਬੰਬ ਸੁੱਟਣ ਵਾਲਾ ਹੱਥ, ਜਦੋਂ ਉਹ (ਫਰਾਂਸੀਸੀ) ਅਸੈਂਬਲੀ (ਸਰਕਾਰੀ ਬੈਂਚ) ਦਾ ਨਿਸ਼ਾਨਾ ਫੁੰਡਣ ਲੱਗਿਆ ਸੀ, ਇਕ ਇਸਤਰੀ ਨੂੰ ਉਹਨੂੰ ਰੋਕਣ ਦਾ ਜਤਨ ਕਰਦਿਆਂ ਹਿਲਾ ਦਿਤਾ। ਉਹ ਬੰਬ ਅਸੈਂਬਲੀ ਮੈਂਬਰਾਂ ਨੂੰ ਹੀ ਫੱਟੜ ਕਰ ਸਕਿਆ ਅਤੇ ਵਧੇਰੇ ਪਰਭਾਵ ਨਾ ਪਾ ਸਕਿਆ। ਪਰ ਉਹਨੇ ਇਕ ਜ਼ੋਰਦਾਰ ਬਿਆਨ ਦਿਤਾ ਅਤੇ ਕਿਹਾ: 'ਬੋਲੇ ਕੰਨਾਂ ਨੂੰ ਸੁਣਾਉਣ ਵਾਸਤੇ ਜ਼ੋਰ ਨਾਲ ਖੜਕਾ ਕਰਨਾ ਪੈਂਦਾ ਹੈ।' ਉਹਨੇ ਇਹ ਵੀ ਕਿਹਾ ਕਿ ਉਹਨੂੰ ਕਿਸੇ ਵੀ ਸਜ਼ਾ ਦੀ ਕੋਈ ਪਰਵਾਹ ਨਹੀਂ। ਉਹਨੇ ਇਹ ਐਕਸ਼ਨ ਇਸ ਲਈ ਕੀਤਾ ਸੀ ਕਿ ਉਹ-ਗਰੀਬਾਂ ਉਤੇ ਜ਼ੁਲਮ ਕਰਦੇ ਸਨ, ਅਤੇ ਉਹਨਾਂ ਦਾ ਲਹੂ ਪੀਂਦੇ ਸਨ।...ਉਹਨੂੰ ਫਾਂਸੀ ਦਿਤੀ ਗਈ।"[24] ਇਉਂ ਪਰਤੀਤ ਹੁੰਦਾ ਹੈ ਕਿ ਭਗਤ ਸਿੰਘ ਨੇ ਵਾਇਲਾਂ ਵਾਲੀ ਘਟਨਾ ਤੋਂ ਹੀ ਆਪਣੇ ਐਕਸ਼ਨ ਲਈ ਸੇਧ ਲੈ ਲਈ ਸੀ।

ਭਗਤ ਸਿੰਘ ਅਤੇ ਉਹਦੇ ਸਾਥੀਆਂ ਉਤੇ ਪਰਸਿਧ ਲਾਹੌਰ ਸਾਜ਼ਿਸ਼ ਕੇਸ ਚਲਾਇਆ ਗਿਆ। ਮੇਰਠ ਵਿਚ ਸਾਡੇ ਉਤੇ ਸਾਜ਼ਿਸ਼ ਦਾ ਮੁਕੱਦਮਾ ਅਜੇ ਚੱਲ ਹੀ ਰਿਹਾ ਸੀ। ਸਾਡਾ ਮੁਕੱਦਮਾ ਅਜੇ ਚਲਦਾ ਪਿਆ ਸੀ, ਜਦੋਂ ਇਹ ਖ਼ਬਰ ਮਿਲੀ ਕਿ ੨੩ ਮਾਰਚ ੧੯੩੧ ਨੂੰ ਸ਼ਾਮ ਦੇ ੭.੪੫ ਵਜੇ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ, ਇੰਡੀਅਨ ਨੈਸ਼ਨਲ ਕਾਂਗਰਸ ਦੇ ਕਰਾਚੀ ਸਮਾਗਮ ਤੋਂ ਐਨ ਪਹਿਲਾਂ, ਫਾਂਸੀ ਲਾ ਦਿਤਾ ਗਿਆ ਹੈ। ਇਹ ਆਸ ਸੀ ਕਿ ਮਹਾਤਮਾ ਗਾਂਧੀ ਉਹਨਾਂ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਘਟਵਾਉਣ ਵਾਸਤੇ ਇਰਵਨ ਨਾਲ ਗੱਲਬਾਤ ਕਰਨਗੇ। ਪਰ ਗਾਂਧੀ-ਇਰਵਨ ਗੱਲਬਾਤ ਵਿਚ ਮਹਾਤਮਾ ਗਾਂਧੀ ਨੇ ਇਹਨਾਂ ਦੀਆਂ ਜਾਨਾਂ ਬਚਾਉਣ ਲਈ ਇਕ ਲਫ਼ਜ਼ ਤੱਕ ਵੀ ਮੂੰਹੋਂ ਨਾ ਕਢਿਆ।

ਮੇਰਠ ਦੇ ਕੈਦੀਆਂ ਨੇ ਇਹ ਹਿਰਦੇਵੇਧਕ ਖ਼ਬਰ ਪੜ੍ਹੀ। ਮੈਂ ਉਹਨਾਂ ਸਭਨਾਂ ਵਲੋਂ ੨੪ ਮਾਰਚ ੧੯੩੧ ਨੂੰ ਅਦਾਲਤ ਵਿਚ ਖੜਾ ਹੋਇਆ ਅਤੇ ਉਹਨਾਂ ਨੂੰ ਫਾਂਸੀ ਲਾਏ ਜਾਣ ਦੀ ਨਿਖੇਧੀ ਕੀਤੀ, ਭਾਵੇਂ ਜੱਜ ਮੈਨੂੰ ਧਮਕੀਆਂ ਦਿੰਦਾ ਰਿਹਾ ਕਿ ਮੇਰੇ ਵਿਰੁਧ ਕਾਰਵਾਈ ਕੀਤੀ ਜਾਵੇਗੀ। ਮੈਂ ਹੇਠ ਲਿਖਿਆ ਬਿਆਨ ਦਿਤਾ:[25]

"ਅਸੀਂ ਅਜ ਵਹਿਸ਼ੀਆਨਾ ਫਾਂਸੀ ਦੇ ਸੋਗੀ ਪਰਛਾਵੇਂ ਹੇਠ ਅਦਾਲਤ ਵਿਚ ਹਾਜ਼ਰ ਹੋਏ ਹਾਂ — ਸਾਥੀ ਭਗਤ ਸਿੰਘ, ਸਾਥੀ ਰਾਜਗੁਰੂ ਅਤੇ ਸਾਥੀ ਸੁਖਦੇਵ ਨੂੰ ਫਾਂਸੀ ਅਸਲ ਵਿਚ ਬੇਰਹਿਮੀ ਨਾਲ ਕੀਤਾ ਗਿਆ ਕਤਲ ਹੈ। ਇਹ ਸਾਮਰਾਜਵਾਦੀ ਜ਼ਿਹਨਸਾਫ਼ ਦਾ ਇਕ ਅਤਿਅੰਤ ਵਹਿਸ਼ੀਆਨਾ ਨਮੂਨਾ ਹੈ। ਇਹ ਚਿੱਟੀ ਦਹਿਸ਼ਤ ਦੀ ਇਕ ਭੜਕਾਹਟ ਭਰੀ ਕਾਰਵਾਈ ਹੈ। ਇਹ ਬਹਾਦਰ ਲੋਕ ਬਰਤਾਨਵੀ ਸਾਮਰਾਜਵਾਦ ਦੇ ਜ਼ਾਲਮਾਨਾ ਜਬਰ ਦੇ ਸ਼ਿਕਾਰ ਹੋਏ ਹਨ, ਜੀਹਦੇ ਵਿਰੁਧ ਬਗ਼ਾਵਤ ਕਰਨ ਦਾ ਇਹਨਾਂ ਨੇ ਜੇਰਾ ਅਤੇ ਹੌਸਲਾ ਵਿਖਾਇਆ ਹੈ।

'ਅਸੀਂ ਉਹਨਾਂ ਦਾ ਭਾਰਤ ਦੇ ਕੌਮੀ ਇਨਕਲਾਬ ਦੇ ਕਾਜ ਦੇ ਸ਼ਹੀਦਾਂ ਵਜੋਂ ਸਤਿਕਾਰ ਕਰਦੇ ਹਾਂ।

'ਅਸੀਂ ਉਹਨਾਂ ਦੀ ਬਹਾਦਰੀ ਅਤੇ ਕੁਰਬਾਨੀ ਦੀ ਸਲਾਘਾ ਕਰਦੇ ਹਾਂ।




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਲਿੱਠ ਅਤੇ ਖਰੀਦਾਰੀ ਲਈ

ਸੋਨੀ ਐਂਡ ਸਨਜ਼

**SONI & SONS**

**JEWELLERS**

**Specialist in East Indian Jewelery**

**6524 MAIN ST. ( AT 49th. Ave.)**

**VANCOUVER, B.C.**

**PHONE 324-1012**

**RES. 327-0783**

'ਅਸੀਂ ਉਹਨਾਂ ਦੇ ਸਾਥੀਆਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਡੂੰਘੇ ਗ਼ਮ ਵਿਚ ਸ਼ਰੀਕ ਹੁੰਦੇ ਹਾਂ।

'ਅੰਤਮ ਲਈ, ਅਸੀਂ ਤੁਹਾਨੂੰ ਕਹਿੰਦੇ ਹਾਂ ਕਿ ਉਹਨਾਂ ਦੀ ਡੀਫੈਂਸ ਕਮੇਟੀ ਦੇ ਨਾਂ ਇਹ ਹੇਠ ਲਿਖੀ ਅਫਸੋਸ ਦੀ ਤਾਰ ਜ਼ਿਲਾ ਮੈਜਿਸਟਰੇਟ ਨੂੰ, ਅਗੇ ਪੁਚਾਉਣ ਲਈ, ਭੇਜ ਦਿਤੀ ਜਾਵੇ।

'ਟੂ : ਸਰਦਾਰ ਕਿਸ਼ਨ ਸਿੰਘ, ਬਰੈਡਲਾ ਹਾਲ, ਲਾਹੌਰ।

'ਅਸੀਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਲਾਏ ਜਾਣ ਉਤੇ ਆਪਣਾ ਡੂੰਘਾ ਸਦਮਾ ਪਰਗਟ ਕਰਦੇ ਹਾਂ ਅਤੇ ਉਹਨਾਂ ਦੀ ਸ਼ਹੀਦੀ ਦੀ ਕਦਰ ਕਰਦੇ ਹਾਂ — ਮੇਰਠ ਕੇਸ ਦੇ ਕੈਦੀ।"

ਜੇਲ੍ਹ ਵਿਚ ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਮਾਰਕਸਵਾਦ-ਲੈਨਿਨਵਾਦ ਦਾ ਅਧਿਅਨ ਕੀਤਾ। ਉਹ ਸੱਭੇ ਵਿਚਾਰਾਂ ਦੇ ਪਖੋਂ ਕਮਿਊਨਿਸਟ ਬਣ ਗਏ ਅਤੇ ਉਹਨਾਂ ਵਿਚੋਂ ਬਹੁਤੇ, ਜਿਨ੍ਹਾਂ ਨੂੰ ਫਾਂਸੀ ਨਹੀਂ ਸੀ ਲਗੀ, ਪਿਛੋਂ ਜਾ ਕੇ ਜੇਲ ਵਿਚੋਂ ਨਿਕਲਣ ਮਗਰੋਂ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ। ਇਹਨਾਂ ਵਿਚ ਕਾਮਰੇਡ ਅਜੈ ਘੋਸ਼ ਅਤੇ ਕਾਮਰੇਡ ਧਨਵੰਤਰੀ ਦੇ ਨਾਂ ਖਾਸ ਕਰ ਕੇ ਉਘੇ ਹੋਏ।

ਇਉਂ ਇਕ ਮਹਾਨ ਸਾਥੀ ਅਤੇ ਇਕ ਮਹਾਨ ਮਿੱਤਰ ਨੇ ਆਪਣੇ ਦੋ ਸਾਥੀਆਂ ਸਮੇਤ ਆਪਣੀ ਪਿਆਰੀ ਮਾਤਭੂਮੀ ਨੂੰ ਬਰਤਾਨਵੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਸੰਗਰਾਮ ਵਿਚ ਆਪਣੀ ਜਾਨ ਵਾਰੀ। ਆਪਣੇ ਬਹਾਦਰੀ-ਭਰੇ ਅਤੇ ਸਿਰੜੀ ਕਾਰਨਾਮਿਆਂ ਨਾਲ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਅਮਰ ਹੋ ਗਏ ਅਤੇ ਭਾਰਤ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਉਤੇ ਉਹਨਾਂ ਦਾ ਨਾਂ ਸਦਾ ਸਦਾ ਲਈ ਲਿਖਿਆ ਗਿਆ।


**FOR**

**LIFE INSURANCE**

**EDUCATION PLAN**

**MORTGAGE PLAN**

**Retirement registered Saving Plan and all other kinds of insurance**

**Contact**

# DALJIT SANDHU

ਤੇ

## National Life of Canada

**Suite. 501, 1155—West Pender Street**
**Vancouver, B.C. Phone: 685-7231**

**ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਯੋਗ ਅਤੇ ਤਜਰਬੇਕਾਰ ਸਲਾਹਕਾਰ:-**

**ਦਲਜੀਤ ਸੰਧੂ**



**OFFICE:**
**685-7231**

**RESIDENCE:**
**278-0491**

# ਆਸ਼ੀਰਵਾਦ

**ਸਾਧੂ**

ਗੁਰਜੀਤ ਦੀ ਮਾਂ ਤੇ ਡੈਡੀ ਇੰਨੀ ਛੇਤੀ ਇੰਡੀਆ ਤੋਂ ਕਿਉਂ ਮੁੜ ਆਏ ਸਨ ? ਉਹ ਤਾਂ ਸਾਲ ਭਰ ਦੇ ਖੁੱਲੇ ਕਿਰਾਏ ਤੇ ਗਏ ਸਨ। ਪਰ ਬਿਨਾਂ ਕਿਸੇ ਚਿੱਠੀ, ਤਾਰ ਜਾਂ ਫੋਨ ਕਰਨ ਦੇ, ਦੋ ਹਫਤਿਆਂ ਵਿਚ ਹੀ ਕਿਉਂ ਮੁੜ ਆਏ— ਗੁਰਜੀਤ ਬਹੁਤ ਗੰਭੀਰ ਬੈਠਾ ਸੀ ਤੇ ਗੁੰਝਲ ਨੂੰ ਖੋਲ੍ਹਣ ਦਾ ਜਤਨ ਕਰ ਰਿਹਾ ਸੀ। ਉਹਨੂੰ ਮਾਂ ਦੇ ਚੇਹਰੇ ਤੋਂ ਸਾਫ ਦਿਸਦਾ ਸੀ ਕਿ ਜਿਵੇਂ ਉਹ ਕੋਈ ਗੱਲ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਜਿਵੇਂ ਅੰਦਰ ਦੇ ਕਿਸੇ ਦਰਦ ਨੂੰ ਦੱਬ ਕੇ ਚਿਹਰੇ ਤੇ ਖੁਸ਼ੀ ਦਾ ਬੁਰਕਾ ਪਾ ਰਹੀ ਹੋਵੇ।

ਉਹ ਆਪਣੇ ਮਾਂ ਪਿਉ ਨਾਲ ਆਮ ਕਰਕੇ ਕਿਸੇ ਵੀ ਗੱਲ ਤੇ ਸਹਿਮਤ ਨਹੀਂ ਸੀ ਹੁੰਦਾ ਅਤੇ ਆਪਣੀ ਮਰਜ਼ੀ ਨਾਲ ਆਪਣੀ ਜ਼ਿੰਦਗੀ ਜਿਉਂਦਾ ਸੀ। ਪਰ ਫੇਰ ਵੀ ਉਹ ਦੋਹਾਂ ਨੂੰ ਹੱਦੋਂ ਵੱਧ ਪਿਆਰ ਕਰਦਾ ਸੀ। ਉਹਦੀ ਮਾਂ ਤੇ ਡੈਡੀ ਦੋਵੇਂ ਹੀ ਉਹਦੇ ਕੈਨੇਡਾ ਵਿਚ ਚੱਲ ਰਹੀ ਕਿਸੇ ਇਨਕਲਾਬੀ ਲਹਿਰ ਵਿਚ ਹਿੱਸਾ ਲੈਣ ਦੇ ਬਹੁਤ ਵਿਰੋਧੀ ਸਨ। ਉਹ ਹਮੇਸ਼ਾ ਉਹਨਾਂ ਨੂੰ ਦੱਸਣ ਦੀ ਕੋਸ਼ਿਸ਼ ਕਰਦਾ ਕਿ ਉਹ ਇਸ ਤਰ੍ਹਾਂ ਦੇ ਕੰਮ ਕਿਉਂ ਕਰਦਾ ਸੀ। ਪਰ ਉਹਦਾ ਡੈਡੀ ਤਾਂ ਜਿਵੇਂ ਅਜੇਹੇ ਮੌਕੇ ਕੰਨ ਬੰਦ ਕਰ ਲੈਂਦਾ, ਕਦੀ ਵੀ ਉਹਦੀ ਗੱਲ ਨਾਲ ਸਹਿਮਤ ਨਾ ਹੁੰਦਾ।

ਗੁਰਜੀਤ ਅਕਸਰ ਆਪਣੇ ਡੈਡੀ ਨਾਲ ਸਿਆਸੀ ਮਾਮਲਿਆਂ ਤੇ ਬਹਿਸ ਕਰਦਾ ਰਹਿੰਦਾ। ਕਦੀ ਕਦੀ ਉਹ ਬਹੁਤ ਜੋਸ਼ ਵਿਚ ਆ ਜਾਂਦਾ। "ਡੈਡੀ ਤੂੰ ਮੈਨੂੰ ਇਹ ਦੱਸ ਕਿ ਤੁਸੀਂ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਨੂੰ ਬਾਕੀ ਗੁਰੂਆਂ ਨਾਲੋਂ ਜ਼ਿਆਦਾ ਮੱਹਤਤਾ ਕਿਉਂ ਦਿੰਦੇ ਹੋ ? ਇਸੇ ਕਰਕੇ ਹੀ ਨਾ ਕਿ ਉਹਨਾਂ ਨੇ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਈ। ਗੁਰੂ ਨਾਨਕ ਨੇ ਬਾਬਰ ਦੇ ਵਿਰੁੱਧ ਲਿਖਿਆ ਤੇ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਦੀ ਖੁਸ਼ਹਾਲੀ ਲਈ ਆਪਣਾ ਸਭ ਕੁੱਝ ਵਾਰ ਦਿੱਤਾ। ਤੁਸੀਂ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਕੁਰਬਾਨੀਆਂ ਦੇਣ ਵਾਲੇ ਲੋਕਾਂ ਨੂੰ ਕਿਉਂ ਵੱਡਾ ਗਿਣਦੇ ਹੋ ?" ਗੁਰਜੀਤ ਬੜਾ ਗਰਮ ਹੋ ਜਾਂਦਾ। ਅਜੇਹੇ ਮੌਕੇ ਉਹਦੇ ਡੈਡੀ ਲਈ ਉਹਨੂੰ ਚੁੱਪ ਕਰਾਉਣਾ ਔਖਾ ਹੋ ਜਾਂਦਾ।

ਕਈ ਵਾਰੀ ਗੁਰਜੀਤ ਦਾ ਡੈਡੀ ਉਹਨੂੰ ਝਾੜ ਝੰਬ ਦਿੰਦਾ, "ਤੂੰ ਕਾਕਾ ਬਾਹਲਾਂ ਤਹਾਂ ਨਾ ਉਠਿਆ ਕਰ, ਕਿਤੇ ਬੁਰਾ ਭਿਗੇਗਾ। ਤੂੰ ਅਜੇ ਕੱਲ ਦਾ ਛੋਕਰਾ ਆਪਣਾ ਮੁਕਾਬਲਾ ਗੁਰੂਆਂ ਨਾਲ ਕਰਦਾ ਫਿਰਦਾ। ਉਹ ਆਦਮੀ ਤੋਂ ਬਹੁਤ ਉਚੇ ਸਨ, ਘਟ ਘਟ ਦੀ ਜਾਨਣ ਵਾਲੇ ਸਨ। ਉਨ੍ਹਾਂ ਨੇ ਇਸ ਜਨਮ ਵਿਚ ਆਉਣ ਲਈ ਕਈ ਕਈ ਵਰ੍ਹੇ ਜਤ ਸਤ ਕੀਤਾ ਹੋਇਆ ਸੀ। ਤੂੰ ਤੇ ਇਕ ਛੋਟੇ ਜਿਹੇ ਜੀਵ ਵਾਂਗ ਏਂ ਇਸ ਧਰਤੀ ਤੇ। ਤੈਨੂੰ ਚਾਹੀਦਾ ਆ ਤੂੰ ਆਪਣੀ ਜ਼ਿੰਦਗੀ ਉਹਨਾਂ ਮਹਾਂਪੁਰਸ਼ਾਂ, ਮਹਾਂ ਆਤਮਾਵਾਂ ਦੇ ਸਿਮਰਨ ਵਿਚ ਲਾ ਦੇਵੇਂ। ਪਰ ਤੂੰ, ਤੂੰ ਉਨ੍ਹਾਂ ਦੀਆਂ ਇਦਾਂ ਗੱਲਾਂ ਕਰਦੇ ਜਿਵੇਂ ਉਹ ਵੀ ਤੇਰੇ ਵਰਗੇ ਆਮ ਮਨੁੱਖ ਹੋਣ। ਮੈਂ ਤੈਨੂੰ ਦੱਸ ਦਿਨੈ ਇਸ ਘਰ ਵਿਚ ਤੈਨੂੰ ਉਹਨਾਂ ਦਾ ਨਾਂ ਇਜ਼ਤ ਨਾਲ ਲੈਣਾ ਪਵੇਗਾ ਨਹੀਂ ਤਾਂ ਮੈਥੋਂ ਬੁਰਾ ਕੋਈ ਨਹੀਂ।" ਗੁਰਜੀਤ ਆਪਣੇ ਡੈਡੀ ਦੇ ਸੁਭਾਅ ਨੂੰ ਜਾਣਦਾ ਸੀ। ਉਹ ਬੜੀ ਚਲਾਕੀ ਨਾਲ ਗੱਲ ਹੋਰ ਪਾਸੇ ਪਾ ਦਿੰਦਾ।

ਕਈ ਵਾਰੀ ਗੁਰਜੀਤ ਬੜੀ ਤਸੱਲੀ ਨਾਲ ਹੌਲੀ ਹੌਲੀ ਗੱਲਾਂ ਕਰਦਾ ਤੇ ਡੈਡੀ ਨੂੰ ਦੁਨੀਆਂ ਵਿਚ ਵਾਪਰ ਰਹੀਆਂ ਗੱਲਾਂ ਤੋਂ ਜਾਣੂ ਕਰਾਉਣ ਦੀ ਕੋਸ਼ਿਸ਼ ਕਰਦਾ। ਉਹ ਬੜੇ ਨੇੜੇ ਦੀਆਂ ਮਿਸਾਲਾਂ ਦਿੰਦਾ, "ਦੇਖ ਡੈਡੀ ਆਪਾਂ ਇਥੇ ਕੈਨੇਡਾ ਵਿਚ ਰਹਿੰਦੇ ਹਾਂ ਇਸ ਦਾ ਸੱਭ ਤੋਂ ਵੱਡਾ ਕਾਰਨ ਤਾਂ ਇਹੀ ਹੈ ਕਿ ਅਸੀਂ ਹਿੰਦੁਸਤਾਨ ਵਿਚ ਇਹ ਸਭ ਕੁਝ ਨਹੀਂ ਕਰ ਸਕਦੇ ਜੋ ਕਝ ਇਥੇ ਕਰ ਸਕਦੇ ਹਾਂ। ਇਥੇ ਵੀ ਆਪਾਂ ਉਹੋ ਜਿਹੀ ਸਖਤ ਮਿਹਨਤ ਕਰਦੇ ਹਾਂ ਜਿਹੋ ਜਿਹੀ ਤੁਸੀਂ ਆਪਣੇ ਖੇਤਾਂ ਵਿਚ ਕਰਿਆ ਕਰਦੇ ਸੀ। ਪਰ ਇਥੇ ਸਾਨੂੰ ਸਾਡੀ ਮਜ਼ਦੂਰੀ ਦੇ ਪੈਸੇ ਮਿਲ ਜਾਂਦੇ ਹਨ। ਪੈਸਿਆਂ ਦੀਆਂ ਖਾਣ ਨੂੰ ਖਾਲਸ ਚੀਜ਼ਾਂ ਮਿਲ ਜਾਂਦੀਆਂ ਹਨ। ਅਸੀਂ ਕਾਰਾਂ ਲੈ ਸਕਦੇ ਹਾਂ, ਅਰਾਮ ਦੀਆਂ ਨਿੱਕੀਆਂ ਮੋਟੀਆਂ ਚੀਜ਼ਾਂ, ਜਿਨ੍ਹਾਂ ਨੂੰ ਹਾਸਲ ਕਰਨਾ ਹਿੰਦੁਸਤਾਨ ਵਿਚ ਮੁਸ਼ਕਲ ਹੀ ਨਹੀਂ ਕਈ ਵਾਰੀ ਤਾਂ ਮਿਲਦੀਆਂ ਹੀ ਨਹੀਂ। ਇਹ ਗੱਲ ਨਹੀਂ ਕਿ ਹਿੰਦੁਸਤਾਨ ਵਿਚ ਅਜਿਹੀਆਂ ਸੱਭ ਚੀਜ਼ਾਂ ਹੈ ਹੀ ਨਹੀਂ ਜਾਂ ਹੋ ਨਹੀਂ ਸਕਦੀਆਂ। ਗੱਲ ਤਾਂ ਸਿਰਫ ਇੰਨੀ ਹੈ ਕਿ ਉਥੇ ਦੀ ਸਰਕਾਰ ਗਰੀਬ ਲੋਕਾਂ ਬਾਰੇ ਸੋਚਦੀ ਹੀ ਨਹੀਂ। ਉਥੋਂ ਦੇ ਜ਼ਖੀਰੇ ਬਾਜ਼ਾਂ ਸਮੱਗਲਰਾਂ ਤੇ ਪੁਲਸ ਦੇ ਰਲਵੇ ਧੜਿਆਂ ਨੇ ਆਮ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਰੱਖੀ ਹੈ।" ਇਸ ਤਰ੍ਹਾਂ ਗੁਰਜੀਤ ਹੌਲੀ ਹੌਲੀ ਆਪਣੀਆਂ ਗੱਲਾਂ ਦੱਸਦਾ ਰਹਿੰਦਾ। ਉਹਦੇ ਡੈਡੀ ਨੂੰ ਕਈ ਗੱਲਾਂ ਸਹੀ ਵੀ ਲਗਦੀਆਂ ਪਰ ਉਹ ਗੁਰਜੀਤ ਨੂੰ ਮੰਨਣ ਲਈ ਤਿਆਰ ਨਾ ਹੁੰਦਾ। ਤੇ ਪੈਂਤੜਾ ਬਦਲ ਕੇ ਉਹਨੂੰ ਕਹਿੰਦਾ, "ਮੰਨ ਲਿਆ ਕੇ ਤੇਰੀਆਂ ਗੱਲਾਂ ਸਹੀ ਹਨ ਤੇ ਉਥੇ ਦੇ ਲੋਕਾਂ ਦੀ ਗਰੀਬੀ ਦਾ ਕਾਰਨ ਸਰਕਾਰ ਹੈ ਤੇ ਭਾਵੇਂ ਇਹ ਸਭ ਕੁੱਝ ਆਪਣੇ ਆਪ ਨਹੀਂ ਬਦਲ ਹੋਣਾ। ਪਰ ਪੁੱਤ ਸਾਡੀ ਤਾਂ ਤੇਰੇ ਅੱਗੇ ਹੱਥ ਬੰਨ੍ਹ ਕੇ ਬੇਨਤੀ ਏ ਤੂੰ ਸਾਡਾ ਇਕੋ ਇਕ ਸਭ ਕੁਝ ਏ, ਤੇਰੇ ਬਿਨਾਂ ਅਸੀਂ ਕੀ ਤੇ ਸਾਡਾ ਸਭ ਕੁਝ ਕੀ ? ਤੇਰਾ ਸਾਡੇ ਵੱਲ ਵੀ ਕੋਈ ਫਰਜ਼ ਬਣਦਾ ਹੈ ਕਿ ਨਹੀਂ। ਨਾਲੇ ਆਪਾਂ ਨੂੰ ਹੁਣ ਉਥੇ ਜਾਣ ਦੀ ਵੀ ਕੀ ਜ਼ਰੂਰਤ ਹੈ ਇਥੇ ਬੜਾ ਸੁਹਣਾ ਗੁਜ਼ਾਰਾ ਹੋਈ ਜਾਂਦਾ। ਮੈਂ ਵੀ ਕੰਮ ਕਰਦਾ ਤੂੰ ਵੀ ਕਰਦਾ ਏ ਤੇਰੀ ਮਾਂ ਵੀ ਥੋੜਾ ਬਾਹਲਾ ਫਾਰਮਾਂ ਵਿਚ ਕਰ ਲੈਂਦੀ ਆ ਦੱਸ ਤੈਨੂੰ ਕੀ ਜ਼ਰੂਰਤ ਆ ਜਾ ਕੇ ਸਿਰ ਦਿੰਦਾ ਫਿਰੇ, ਉਥੇ ਲੋਕਾਂ ਨੂੰ ਜਦੋਂ ਅਕਲ ਆ ਗਈ ਆਪੇ ਵਾਹਿਗੁਰੂ ਦੀ ਮਦਦ ਨਾਲ ਕੁੱਝ ਕਰ ਲੈਣਗੇ।" ਤੇ ਉਹ ਗੁਰਜੀਤ ਨੂੰ ਲਾਡ ਲਡਾ ਕੇ ਮਨਾਉਣ ਦੀ ਕੋਸ਼ਿਸ਼ ਕਰਦਾ। ਅਜਿਹੇ ਮੌਕੇ ਗੁਰਜੀਤ ਦੀ ਮਾਂ ਜਿਹੜੀ ਅਕਸਰ ਚੁੱਪ ਕਰਕੇ ਪਿਉ-ਪੁੱਤ ਦੀਆਂ ਸੁਣਦੀ ਰਹਿੰਦੀ, ਮਮਤਾ ਵਿਚ ਡੁੱਬੀ ਬੋਲ ਪੈਂਦੀ, "ਪੁੱਤ ਸਿਆਣਿਆਂ ਦੇ ਕਹੇ ਲੱਗੀ ਦਾ। ਦੇਖ ਸੁਹਣਿਆਂ ਅਸੀਂ ਸਾਰੀ ਉਮਰ ਪਹਿਲਾਂ ਦੇਸ ਹੁਣ ਇਥੇ ਜਿਹੜੀ ਖੋਰੀ ਖੋਤਦੇ ਰਹੇ ਹਾਂ ਉਹ ਸੱਭ ਤੇਰੇ ਲਈ ਹੀ ਕਰਦੇ ਰਹੇ ਹਾਂ। ਤੂੰ ਹੁਣ ਬੁੱਢੇ ਬਾਰੇ ਸਾਡਾ ਸਹਾਰਾ ਨਾ ਬਣੇਗਾ ਤੇ ਹੋਰ ਕੌਣ ਬਣੇਗਾ। ਅਸੀਂ ਹੁਣ ਜਦੋਂ ਇੰਡੀਆ ਨੂੰ ਗਏ ਤਾਂ ਆਪਣੇ ਪੁੱਤ ਲਈ ਕੋਈ ਪੜ੍ਹੀ ਲਿਖੀ

ਪਰੀਆਂ ਵਰਗੀ ਕੁੜੀ ਟੋਲ ਲਿਆਉਣੀ ਆਂ। ਤੂੰ ਆਪਣੇ ਡੈਡੀ ਦੇ ਕਹਿਣੇ ਲਗਿਆ ਕਰ ਸੁਹਣਿਆ।" ਗੁਰਜੀਤ ਮਾਂ ਦੀ ਪਿਆਰ ਕਹਾਣੀ ਸਮਝਦਾ ਚੁੱਪ ਕਰ ਰਹਿੰਦਾ। ਪਰ ਉਹ ਆਪਣੇ ਕੰਮਾਂ ਤੋਂ ਕਦੀ ਨਾ ਡੋਲ੍ਹਦਾ।

ਉਹਦੇ ਮਾਂ-ਪਿਉ ਇੱਕਲੇ ਬੈਠੇ ਫਿਕਰਾਂ 'ਚ ਪਏ ਰਹਿੰਦੇ। ਮਾਂ ਪੁੱਤ ਤੋਂ ਆਸ ਨਾ ਲਾਹੁੰਦੀ ਤੇ ਆਪ ਦੇ ਘਰ ਵਾਲੇ ਨੂੰ ਹੌਂਸਲਾ ਦਿੰਦੀ, "ਅਜੇ ਨਿਆਣਾ, ਖੂਨ ਗਰਮ ਆ ਆਪੇ ਸਮਝ ਜਾਵੇਗਾ। ਗੁਰਜੀਤ ਦੇ ਡੈਡੀ, ਤੁਸੀਂ ਐਵੇ ਫਿਕਰ ਨਾ ਕਰਿਆ ਕਰੋ, ਤੁਸੀਂ ਆਪਣੀ ਸਿਹਤ ਦਾ ਵੀ ਖਿਆਲ ਰਖਿਆ ਕਰੋ।" ਦੋ ਬੁੱਢੇ ਹੋਈ ਜਾਂਦੇ ਚਿਹਰੇ ਪੁੱਤ ਦੇ ਫਿਕਰ ਵਿਚ ਝੁਰੜੀਆਂ ਇੱਕਠੀਆਂ ਕਰੀ ਜਾਂਦੇ। ਗੁਰਜੀਤ ਮਾਪਿਆਂ ਦੀ ਮੱਮਤਾ ਵਿਚ ਬੱਧਾ ਆਪਣੇ ਅੰਦਰ ਜਦੋ-ਜਹਿਦ ਕਰਦਾ ਰਹਿੰਦਾ।

ਗੁਰਜੀਤ ਘਰ ਦੇ ਬੈਠਣ ਵਾਲੇ ਕਮਰੇ ਵਿਚ ਬੈਠਾ ਸੋਚ ਰਿਹਾ ਸੀ। ਹੁਣੇ ਹੁਣੇ ਮਾਂ ਤੇ ਡੈਡੀ ਨੂੰ ਏਅਰਪੋਰਟ ਤੋਂ ਲੈ ਕੇ ਆਇਆ ਸੀ। ਉਹਦਾ ਡੈਡੀ ਜਿਵੇਂ ਦੋ ਵੀਕਾਂ ਵਿਚ ਅੱਗੇ ਨਾਲੋਂ ਅੱਧਾ ਰਹਿ ਗਿਆ ਸੀ। ਹੁਣ ਉਹ ਇਕ ਖੂੰਡੀ ਦੇ ਸਹਾਰੇ ਤੁਰਦਾ ਸੀ। ਮਾਂ ਨੇ ਦਸਿਆ ਸੀ ਕਿ ਉਹ ਤਿਲ੍ਹਕ ਕੇ ਡਿਗ ਪਿਆ ਸੀ। ਪਰ ਗੁਰਜੀਤ ਦੇ ਦਿਲ ਵਿਚ ਸਭ ਕੁੱਝ ਇਕ ਸ਼ੱਕ ਪੈਦਾ ਕਰ ਰਿਹਾ ਸੀ। ਬਾਹਰੋਂ ਉਹਦੇ ਡੈਡੀ ਨੂੰ ਮਿਲਣ ਵਾਲਾ ਕੋਈ ਆ ਗਿਆ। ਮਾਂ ਰਸੋਈ ਵਿਚ ਚਾਹ ਬਣਾਉਣ ਚਲੇ ਗਈ। ਗੁਰਜੀਤ ਵੀ ਉਠ ਕੇ ਮਾਂ ਕੋਲ ਰਸੋਈ ਵਿਚ ਚਲੇ ਗਿਆ। ਉਹਦੀ ਮਾਂ ਕੱਪਾਂ ਵਿਚ ਚਾਹ ਪਾ ਰਹੀ ਸੀ। ਮਾਂ ਨੇ ਪਹਿਲਾਂ ਤਾਂ ਉਹਦੀ ਵੱਲ ਦੇਖ ਕੇ ਹੱਸਣ ਦਾ ਯਤਨ ਕੀਤਾ ਪਰ ਜਿਵੇਂ ਇਕ ਦਮ ਅੰਦਰ ਕੁਝ ਟੁੱਟ ਗਿਆ ਹੋਵੇ। ਉਹ ਪੁੱਤ ਦੇ ਗੱਲ੍ਹ ਲਗ ਉਚੀ ਉਚੀ ਰੋਣ ਲਗ ਪਈ। ਗੁਰਜੀਤ ਦਾ ਵੀ ਮਨ ਭਰ ਆਇਆ ਉਹ ਮਾਂ ਨੂੰ ਫੜ ਕੁਰਸੀ ਤੇ ਬਹਾਲਦਾ ਹੋਇਆ ਪੁੱਛਣ ਲੱਗਾ, "ਮਾਂ ਗੱਲ ਤਾਂ ਦੱਸ ਕੀ ਹੋਇਆ? ਤੁਸੀਂ ਇੰਨੀ ਛੇਤੀ ਮੁੜ ਕਿਉਂ ਆਏ?' ਪੁੱਤ ਕੀ ਦੱਸਾਂ ਦਸਿਆ ਨਹੀਂ ਜਾਂਦਾ, ਹਨੇਰ ਵਰਤ ਗਿਆ ਸਾਡੇ ਨਾਲ ਤੇ। ਜਿਸ ਦਿਨ ਅਸੀਂ ਪਿੰਡ ਪਹੁੰਚੇ ਦੂਜੇ ਦਿਨ ਹੀ ਕਿਸੇ ਵੈਰੀ ਨੇ ਪੁਲਸ ਵਾਲਿਆਂ ਨੂੰ ਜਾ ਦਸਿਆ ਕਿ ਇਹਨਾਂ ਦਾ ਮੁੰਡਾ ਨਕਸਲਵਾੜੀਆ ਹੈ ਕੈਨੇਡਾ ਵਿਚ। ਪੁੱਤ ਉਹ ਸਾਨੂੰ ਦੋਹਾਂ ਨੂੰ ਰਾਤ ਨੂੰ ਫੜ ਕੇ ਠਾਣੇ ਲੈ ਗਏ। ਤੇਰੇ ਬਾਪੂ ਨੂੰ ਉਹਨਾਂ ਨੇ ਕੁਟਿਆ ਮਾਰਿਆ ਤੇਰੇ ਸਾਥੀਆਂ ਦੋਸਤਾਂ ਬਾਰੇ ਪੁੱਛਦੇ ਸੀ। ਰੋਂਦੀ ਮਾਂ ਤੋਂ ਦਸਿਆ ਨਹੀਂ ਸੀ ਜਾਂਦਾ। ਉਹਨਾਂ ਪੁੱਤ ਮੇਰੀ ਵੀ ਲਾਹ ਪਾਹ ਕੀਤੀ। ਸਾਡੇ ਕੋਲ ਜੋ ਕੁਝ ਸੀ ਅਸੀਂ ਉਹਨਾਂ ਦੇ ਮੱਥੇ ਮਾਰਿਆ ਤੇ ਦੂਜੇ ਦਿਨ ਅਸੀਂ ਰਾਤ ਨੂੰ ਪਿੱਛੋਂ ਸਮਾਨ ਚੁੱਕ ਕੇ ਦਿੱਲੀ ਆ ਗਏ।" ਮਾਂ ਦਾ ਰੋਣ ਨਹੀਂ ਸੀ ਥੰਮਿਆ ਜਾਂਦਾ। ਗੁਰਜੀਤ ਤੇ ਜਿਵੇਂ ਕਿਸੇ ਗੋਲੀਆਂ ਦੀ ਵਾਛੜ ਕਰ ਦਿੱਤੀ ਹੋਵੇ। ਉਹ ਪੀੜ ਪੀੜ ਹੋ ਗਿਆ। ਮਾਂ ਦੇ ਮੋਢੇ ਤੇ ਹੱਥ ਰੱਖ ਪਲ ਕੁ ਖੜਾ ਹੋ ਕੇ ਘਰੋਂ ਬਾਹਰ ਨਿਕਲ ਗਿਆ।

ਉਹ ਸੜਕਾਂ ਤੇ ਇਧਰ ਉਧਰ ਕਾਰ ਦੁੜਾਉਂਦਾ ਰਿਹਾ। ਸੋਚਦਾ ਰਿਹਾ। ਖਿਝਦਾ ਰਿਹਾ। ਬਦਲੇ ਦੀ ਅੱਗ ਵਿਚ ਜਲਦਾ ਰਿਹਾ। ਮਾਂ-ਪਿਓ ਦਾ ਪਿਆਰ ਹਲੂਣੇ ਦਿੰਦਾ ਰਿਹਾ। ਉਹਦੇ ਫਰਜ਼ ਹਥੌੜੇ ਵਾਂਗ ਉਹਦੇ ਜਿਹਨ ਤੇ ਆ ਆ ਕੇ ਵਜਦੇ ਰਹੇ। ਜ਼ਿੰਦਗੀ 'ਚ ਪਹਿਲੀ ਵਾਰੀ ਉਹਨੂੰ ਲੱਗਾ ਕਿ ਉਹ ਹਾਰ ਜਾਵੇਗਾ। ਜੇ ਇਹੋ ਜਿਹੀ ਵਾਰਦਾਤ ਉਹਦੇ ਆਪਣੇ ਨਾਲ ਹੋਈ ਹੁੰਦੀ ਤਾਂ ਉਹਨੇ ਹਸਦਿਆਂ ਜ਼ਰ ਲੈਣੀ ਸੀ। ਉਹ ਆਪਣੇ ਆਪ ਨੂੰ ਹਮੇਸ਼ਾ ਐਸੇ ਮੌਕੇ ਲਈ ਤਿਆਰ ਕਰਦਾ ਰਹਿੰਦਾ ਸੀ। ਪਰ ਉਹਦਾ ਡੈਡੀ, ਜਿਹੜਾ ਰੱਬ ਦੇ ਨਾਂ ਤੋਂ ਬਿਨਾਂ ਹੋਰ ਕੁਝ ਕਦੀ ਸੋਚਦਾ ਵੀ ਨਹੀਂ ਸੀ, ਪੁਲਸੀਆਂ ਦੀਆਂ ਗਾਲ੍ਹਾਂ ਤੇ ਲੱਤਾਂ ਖਾਂਦਾ, ਉਹਦੇ ਕੋਲੋਂ ਖਿਆਲਿਆ ਵੀ ਨਹੀਂ ਸੀ ਜਾਂਦਾ। ਇਕ ਪਲ ਉਹਦੇ ਦਿਲ ਵਿਚ ਆਉਂਦਾ ਕਿ ਉਹ ਉਹਨਾਂ ਹਿਟਲਰਾਂ ਦੇ ਸੀਰਮੇ ਪੀ ਜਾਵੇਗਾ। ਦੂਜੇ ਪਲ ਹੀ ਉਹਦੇ ਦਿਲ ਵਿਚ ਦੀ ਇਕ ਪਿਆਰ—ਭਿੱਜੀ ਅਵਾਜ਼ ਲੰਘ ਜਾਂਦੀ ਜੋ ਕਹਿ ਰਹੀ ਹੁੰਦੀ ਅਜਿਹਾ ਕਰਨਾ ਮਾਂ-ਪਿਉ ਨੂੰ ਹੋਰ ਦੁਖ ਦੇਣਾ ਹੈ।

ਉਹ ਇਸ ਤਰ੍ਹਾਂ ਦੀ ਜਦੋ-ਜਹਿਦ ਵਿਚ ਪਤਾ ਨਹੀਂ ਕਿੰਨਾ ਚਿਰ ਘੁੰਮਦਾ ਰਿਹਾ। ਜਦੋਂ ਉਹ ਘਰ ਆਇਆ ਤਾਂ ਉਹਦੀ ਮਾਂ ਤੇ ਡੈਡੀ ਬੈਠਣ ਵਾਲੇ ਕਮਰੇ ਵਿਚ ਬੈਠੇ ਸਨ। ਦੋਹਾਂ ਦੇ ਚਿਹਰੇ ਫਿਕਰ ਤੇ ਗਮ ਦੇ ਰੰਗਾਂ ਨਾਲ ਬਣਾਏ ਚਿੱਤਰ ਲਗਦੇ ਸਨ। ਪੁੱਤ ਨੂੰ ਦੇਖ ਕੇ ਰੰਗ ਕੁਝ ਫਿਕੇ ਪਏ ਤੇ ਚਿਹਰੇ ਥਲਿਉ ਚਮਕੇ। ਮਾਂ ਉੱਠ ਕੇ ਪੁੱਤ ਨੂੰ ਜੱਫੀ ਵਿਚ ਲੈਂਦਿਆਂ ਬੋਲੀ, "ਮੈਂ ਨਿਕਰਮੀ ਤੈਨੂੰ ਕਿਹੜੇ ਵੇਲੇ ਦਸ ਬੈਠੀ, ਪੁੱਤ ਤੂੰ ਤੇ ਮੁੜਿਆ ਈ ਨਾ, ਜਿਉਂ ਗਿਆ। ਅਸੀਂ ਦੋਵੇਂ ਜੀਅ ਫਿਕਰ 'ਚ ਬੈਠੇ ਅੱਧੇ ਹੋਏ ਜਾਈਏ। ਆ ਸੋਹਣਿਆ ਇਹੋ ਜਿਹੀਆਂ ਗਲਾਂ ਬਾਹਲੀਆਂ ਦਿਲ ਤੇ ਨਹੀਂ ਲਾਈਦੀਆਂ।" ਮਾਂ ਗੱਲ ਕਰਦੀ ਕਰਦੀ ਫੇਰ ਫਿਸ ਪਈ। ਗੁਰਜੀਤ ਦਾ ਡੈਡੀ ਸੋਟੀ ਦੇ ਸਹਾਰੇ ਸੋਫੇ ਤੋਂ ਉਠਦਾ ਬੋਲਿਆ, "ਮੁੰਡੇ ਨੂੰ ਕੁਛ ਖਾਣ ਨੂੰ ਦੇਹ, ਹੁਣ ਫੇਰ ਨਾ ਰੋਣ ਲੱਗ ਜਾਈ, ਜਾ ਇਕੋ ਗੱਲ ਨੂੰ ਮੁੜ ਮੁੜ ਚੇਤੇ ਕੀਤਿਆਂ ਕੁਝ ਨਹੀਂ ਬਣਦਾ ਹੁੰਦਾ। ਇਹ ਆਪੇ ਸਾਡੇ ਨੌਜਵਾਨ ਮੁੰਡੇ ਉਸ ਸੱਚੇ ਪਾਤਸ਼ਾਹ ਦੀ ਮੱਦਦ ਨਾਲ ਇਸ ਹਨੇਰਗਰਦੀ ਨੂੰ ਹਟਾ ਦੇਣਗੇ।" ਗੁਰਜੀਤ ਨੂੰ ਜਿਵੇਂ ਆਪਣੇ ਕੰਨਾਂ ਤੇ ਯਕੀਨ ਨਾ ਆ ਰਿਹਾ ਹੋਵੇ। ਉਹਨੇ ਹੈਰਾਨੀ ਨਾਲ ਆਪਣੇ ਡੈਡੀ ਵਲ ਵੇਖਿਆ। ਉਹਨੂੰ ਬੁੱਢੀਆਂ ਅੱਖਾਂ ਵਿਚ ਆਸ਼ੀਰਵਾਦ ਵਰਗੀ ਕੋਈ ਚੀਜ਼ ਚਮਕਦੀ ਦਿਸੀ। ਉਹ ਆਪਣੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂਆਂ ਵਰਗਾ ਖਾਰਾਂ ਪਾਣੀ ਮਹਿਸੂਸ ਕਰਦਾ ਮਾਂ ਦੇ ਮਗਰ ਰਸੋਈ ਵੱਲ ਚਲੇ ਗਿਆ।

(Burnaby, B.C.)

---

ਇਕ ਨੋਟਿਸ:

ਮਾਰਚ ਅੱਠ, ਦੁਨੀਆਂ ਦੀਆਂ ਔਰਤਾਂ ਦਾ ਦਿਨ, ਆਓ ਮਨਾਈਏ! ਪੰਜ ਮਾਰਚ ਨੂੰ ਸਵੇਰੇ ਦਸ ਵਜੇ ਤੋਂ ਸ਼ਾਮ ਦੇ ਪੰਜ ਵਜੇ ਤਕ ਬ੍ਰਿਟੈਨੀਆ ਕਮਿਊਨਿਟੀ ਸੈਂਟਰ 1661 ਨੇਪੀਅਰ ਸਟਰੀਟ, ਸਾਰਾ ਦਿਨ ਕੁੱਝ ਨਾ ਕੁੱਝ ਹੁੰਦਾ ਰਹੇਗਾ। ਇਕ ਫਿਲਮ "ਮਰੀਆ"- ਇਕ ਦਫਤਰ ਦੇ ਕਾਰਖਾਨੇ ਵਿਚ ਕੰਮ ਕਰਦੀ ਤੀਵੀਂ—ਇਕ ਸਲਾਈਡ ਟੇਪ ਜਾਤ ਪਾਤ ਤੇ, ਇਕ ਹੋਰ ਟੇਪ ਪੰਜਾਬੀ ਔਰਤਾਂ ਤੇ, ਤਸਵੀਰਾਂ ਦੀ ਨੁਮਾਇਸ਼, ਇਮੀਗ੍ਰੇਸ਼ਨ ਐਕਟ (ਬਿੱਲ C-24) ਤੇ ਗੱਲ ਬਾਤ ਤੇ ਵਿਚਾਰ ਵਟਾਂਦਰਾ, ਅਤੇ ਖੇਤਾਂ ਅਤੇ ਘਰਾਂ ਵਿਚ ਕੰਮ ਕਰਨ ਵਾਲਿਆਂ ਬਾਰੇ ਹੋਰ ਵੀ ਬਹੁਤ ਕੁੱਝ ਦੱਸਿਆ ਜਾਵੇਗਾ।

# ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

**ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ**

**ਮਿਸਿਜ਼ ਮਡੇਲਾ 251-3697**

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ।

* ਫਰਿੱਜ
* ਸਟੋਵ
* ਡਰਾਇਰ
* ਵਾਸ਼ਰ

ਖਰਾਬ ਹੋਣ ਕਰਕੇ ਨਾ-ਖੁਸ਼ ਹੋ? ਮੁਰੰਮਤ ਲਈ ਫੋਨ ਕਰੋ:

ਉਦੈ ਕੋਰੋਟਾਣਾ

522-7347

FRIDGES, FREEZES, RANGES, WASHERS & DRYERS

• MOST RELIABLE SERVICE •

at

• REASONABLE RATES •

Ask for UDAY KOROTANA Phone 522-7347

**If you are looking for**



* **Quality**
* **Price**
* **After Sale Service when buying your car contact**

ਹਰ ਪਰਕਾਰ ਦੀ ਕਾਰ
ਖਰੀਦਣ ਜਾਂ ਟਰੇਡ ਕਰਨੀ
ਹੋਵੇ ਤਾਂ ਕੁਲਦੀਪ ਝੰਡ
ਨੂੰ ਕਾਰ ਖਰੀਦਣ ਤੋਂ
ਪਹਿਲਾਂ ਜ਼ਰੂਰ ਮਿਲੋ ਜਾਂ
ਫੂਨ ਕਰੋ।



GM

Kuldip Singh Jhand
Res. 524-4137
324-8772

OFFICE **521-7731**

**WESTMINSTER
CHEVROLET-OLDSMOLILE
12 Street & Queens Ave.
New Westminster**

ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:



ਹੈਂਡ ਬੈਗਜ਼
ਚਮੜੇ ਦੀਆਂ ਵਸਤਾਂ
ਚਾਂਦੀ ਤੇ ਪਿੱਤਲ ਦੀਆਂ
ਦਸਤ-ਕਿਰਤਾਂ
ਲੱਕੜ ਦੀਆਂ ਕਿਰਤਾਂ

ਭਾਰਤੀ ਜੌਹਰੀ

ਬੈੱਡ ਰੂਮ ਸੂਈਟਸ
ਫੈਸਟਾਫਿਲਡਰ
ਸੋਫ਼ੀ ਟੇਬਲ
ਕਿਚਨੈੱਟ ਸੈੱਟਸ

**ਜੋਗਿੰਦਰ ਸਿੰਘ ਸੁਰਾਂ**

# SURAN ENTERPRISES LTD.

IMPORTERS – RETAILERS

33765 Essendene Avenue,
Abbotsford, B.C.
853-4971

Prop.: Joginder Singh Suran Res. 859-3574

# ਕਮਿਊਨਿਟੀ ਮਸਲੇ

-ਉੱਜਲ ਦੋਸਾਂਝ

ਫ਼ਰਵਰੀ ਦੇ ਅੱਧ ਵਿਚ ਮੈਨੂੰ ਵੈਨਕੂਵਰ ਵਿਚ ਹੋਈ ਪਰੀਵਾਰਕ ਤਸ਼ੱਦਦ ਉਤੇ ਕਾਨਫਰੰਸ ਵਿਚ ਜਾਣ ਹੋਣ ਦਾ ਮੌਕਾ ਮਿਲਿਆ। ਇਹ ਕਾਨਫਰੰਸ UNITED WAY TASK FORCE ON FAMILY VIOLENCE ਵਲੋਂ ਸਪੌਂਸਰ ਕੀਤੀ ਗਈ ਸੀ। ਤੇ ਇਸ ਦਾ ਮੂਲ ਮੁੱਦਾ ਅੰਗ੍ਰੇਜ਼ੀ ਨਾ ਬੋਲਣ ਵਾਲੇ (NON-ENGLISH SPEAKING) ਪ੍ਰੀਵਾਰਾਂ ਵਿਚ ਪ੍ਰੀਵਾਰਕ ਤਸ਼ੱਦਦ ਬਾਰੇ ਵਿਚਾਰ ਵਟਾਂਦਰਾ ਕਰਨਾ ਸੀ। ਅਟਾਰਨੀ-ਜਨਰਲ ਬੀ.ਸੀ., ਪ੍ਰੀਵਾਰ ਅਤੇ ਬੱਚਿਆਂ ਲਈ ਅਦਾਲਤੀ ਸੇਵਾਵਾਂ, ਵੈਨਕੂਵਰ ਪ੍ਰੀਵਾਰ ਅਦਾਲਤ, ਇੰਮੀਗਰੇਂਟ ਸੇਵਾ ਕੇਂਦਰ, ਕਾਨੂੰਨੀ ਸਹਾਇਤਾ (ਲੀਗਲ ਏਡ), HUMAN RESOURCES ਦੇ ਮਨਿਸਟਰੀ ਮੋਜ਼ੇਅਕ MOSAIC, SURREY - WHITE ROCK FAMILY DEVELOPMENT ASSOCIATION, TRANSITION HOUSE (VANCOUVER), U.B.C. SCHOOL OF SOCIAL WORK, WOMEN RESEARCH CENTRE, YWCA, SOCIAL PLANNING DEPT. (VAN.) ਦੇ ਪ੍ਰਤੀਨਿਧਾਂ ਨੇ ਇਸ ਕਾਨਫਰੰਸ ਵਿਚ ਭਾਗ ਲਿਆ।

ਮੁੱਖ ਤੌਰ ਤੇ ਇਸ ਮਸਲੇ ਤੇ ਵਿਚਾਰ ਕੀਤਾ ਗਿਆ ਕਿ ਕੀ ਅੰਗ੍ਰੇਜ਼ੀ ਨਾ ਬੋਲਣ ਵਾਲੇ ਪ੍ਰੀਵਾਰਾਂ (NON-ENGLISH SPEAKING FAMILIES) ਵਿੱਚ ਪ੍ਰੀਵਾਰਕ ਤਸ਼ੱਦਦ ਦੇ ਮਸਲੇ ਹੱਲ ਕਰਨ ਲਈ ਉਹ ਸਾਧਨ ਜਿਹੜੇ ਆਮ ਸਮਾਜ ਵਿਚ ਕਾਮਯਾਬ ਰਹਿੰਦੇ ਹਨ - ਤੇ ਕਾਮਯਾਬ ਹੋ ਸਕਦੇ ਹਨ। ਅਤੇ ਕਿਹੜੇ ਕਿਹੜੇ ਮਸਲੇ ਅਜਿਹੇ ਹਨ ਜਿਨ੍ਹਾਂ ਦਾ ਅੰਗ੍ਰੇਜ਼ੀ ਨਾ ਬੋਲਣ ਵਾਲੀਆਂ ਫੈਮਲੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ - ਜਿਹੜੇ ਮਸਲੇ ਆਮ ਕੈਨੇਡੀਅਨ ਨੂੰ ਪੇਸ਼ ਨਹੀਂ ਆਉਂਦੇ।

ਨਸਲ ਦੀ ਜਾਣਕਾਰੀ ਦੀ ਘਾਟ ਦੇ ਨਾਲ ਨਾਲ ਆਮ ਸਭਿਆਚਾਰਕ ਜਾਣਕਾਰੀ ਅਤੇ ਵਾਕਫੀਅਤ ਦੇ ਮਸਲੇ ਤੇ ਵੀ ਵਿਚਾਰ ਕੀਤਾ ਗਿਆ। ਉਹ ਏਜੰਸੀਆਂ ਜਿਹੜੀਆਂ ਇੰਮੀਗਰੈਂਟ ਅਤੇ ਇੰਗਲਿਸ਼ ਨਾ ਬੋਲਣ ਵਾਲੇ ਪ੍ਰੀਵਾਰਾਂ ਨਾਲ ਸੇਵਾਵਾਂ ਪੇਸ਼ ਕਰਨ ਦੇ ਤੌਰ ਪਰ ਸਬੰਧ ਰੱਖਦੀਆਂ ਹਨ ਉਹਨਾਂ ਦੇ ਰੋਲ ਬਾਰੇ ਵਿਚਾਰ ਪੇਸ਼ ਕੀਤੇ ਗਏ। ਪ੍ਰੀਵਾਰਕ ਅਦਾਲਤ ਬਾਰੇ ਜਾਣਕਾਰੀ ਦਿੱਤੀ ਗਈ ਕਿ ਸਭਿਆਚਾਰਕ ਅਤੇ ਸਮਾਜਕ ਫਰਕਾਂ ਨੂੰ ਸਮਝਣ ਦੀ ਜ਼ਰੂਰਤ ਹੈ ਅਤੇ ਪ੍ਰੀਵਾਰਕ ਮਸਲਿਆਂ ਨੂੰ ਹੱਲ ਕਰਦੇ ਸਮੇਂ ਇਹਨਾਂ ਫਰਕਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਮੇਰੇ ਜ਼ਿੰਮੇ ਕਾਨਫਰੰਸ ਪ੍ਰਬੰਧਕਾਂ ਵਲੋਂ ਇੰਮੀਗਰੇਸ਼ਨ ਦੇ ਮਸਲੇ ਉਤੇ ਜਾਣਕਾਰੀ ਦੇਣ ਦਾ ਕੰਮ ਲਾਇਆ ਹੋਇਆ ਸੀ। ਇਹ ਜਾਣਕਾਰੀ ਦੇਣ ਦੇ ਨਾਲ ਨਾਲ ਮੈਂ ਇਹ ਵੀ ਦੱਸਿਆ ਗਿਆ ਕਿ ਇੰਮੀਗਰੈਂਟ ਪ੍ਰੀਵਾਰਾਂ ਦੇ ਮਸਲਿਆਂ ਵਿਚ ਇੰਮੀਗਰੇਸ਼ਨ ਕਾਨੂੰਨ ਦਾ ਕੀ ਰੋਲ ਹੁੰਦਾ ਹੈ।

ਕਾਨਫਰੰਸ ਦੇ ਅੰਤ ਵਿਚ ਕੁਝ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਕਰਨਾ ਇਥੇ ਜ਼ਰੂਰੀ ਹੈ। ਇਹ ਮਤਾ ਪਾਸ ਕੀਤਾ ਗਿਆ ਕਿ "ਸਕੂਲ ਆਫ ਸੋਸ਼ਲ ਵਰਕ" ਵਿਚ ਐਥਨਿਕ ਸਟੱਡੀ ਦਾ ਕੋਰਸ ਸਥਾਪਿਤ ਕੀਤਾ ਜਾਵੇ ਜੋ ਹਰ ਸੋਸ਼ਲ ਵਰਕ ਦੇ ਵਿਦਿਆਰਥੀ ਲਈ ਡਿਗਰੀ ਪ੍ਰਾਪਤ ਕਰਨ ਲਈ ਜ਼ਰੂਰੀ ਹੋਵੇ। ਇਸ ਨਾਲ ਸੋਸ਼ਲ ਵਰਕਰ ਜ਼ਿਆਦਾ ਅੱਛੀ ਤਰ੍ਹਾਂ ਪ੍ਰੀਵਾਰਕ ਮਸਲਿਆਂ ਦੇ ਹੱਲ ਲੱਭਣ ਵਿਚ ਸਹਾਇਤਾ ਕਰ ਸਕਦੇ ਹਨ।

ਆਮ ਸਮਾਜਿਕ ਏਜੰਸੀਆਂ ਦੇ ਕਾਮਿਆਂ ਲਈ ਇਸ ਮਸਲੇ ਤੇ ਸਿਖਲਾਈ ਦੀ ਲੋੜ ਮਹਿਸੂਸ ਕੀਤੀ ਗਈ - ਅਤੇ ਇਹ ਮਤਾ ਪਾਸ ਕੀਤਾ ਗਿਆ ਕਿ ਏਜੰਸੀਆਂ ਆਪਣੇ ਕਾਮਿਆਂ ਨੂੰ ਕੰਮ ਤੋਂ ਵਕਤ ਕਢਾ ਕੇ ਏਜੰਸੀ ਦੇ ਖਰਚ ਉਤੇ ਉਨ੍ਹਾਂ ਦੀ ਸਿਖਲਾਈ ਦਾ ਪ੍ਰਬੰਧ ਕਰਨ।

ਇਹ ਪਤਾ ਚਲਿਆ ਕਿ ਬੱਚਿਆਂ ਦੀ ਦੇਖ ਭਾਲ ਲਈ ਉਹਨਾਂ ਮਾਪਿਆਂ ਨੂੰ ਜਿਹੜੇ ਕੰਮ ਕਰਨਾ ਚਾਹੁੰਦੇ ਹੋਣ - ਸਰਕਾਰੀ ਸਹਾਇਤਾ ਨਹੀਂ ਮਿਲਦੀ ਜਿਹੜੇ ਕੁਝ ਖਾਸ ਅਰਸਾ ਇਥੇ ਨਾ ਰਹਿ ਚੁੱਕੇ ਹੋਣ। ਇਹ ਮਤਾ ਪਾਸ ਕੀਤਾ ਗਿਆ ਕਿ ਹਰ ਇੰਮੀਗਰੈਂਟ ਅਤੇ ਰਫ਼ਿਊਜੀ ਨੂੰ ਬੱਚਿਆਂ ਦੀ ਦੇਖ ਭਾਲ ਲਈ ਸਰਕਾਰੀ ਸਹਾਇਤਾ - ਬਿਨਾਂ ਰਿਹਾਇਸ਼ ਦੀ ਸ਼ਰਤ ਤੋਂ ਮਿਲਣੀ ਚਾਹੀਦੀ ਹੈ।

ਇਮੀਗਰੇਸ਼ਨ ਐਕਟ ਅਧੀਨ - ਜੇ ਕੋਈ ਇਮੀਗਰੈਂਟ ਜੋ ਸ਼ਹਿਰੀ ਜਾਂ ਜੋ ਇਥੇ ਪੱਕਾ ਵਾਸੀ ਜਾਂ ਇਸ ਤੋਂ ਵੱਧ ਰਹਿਣ ਵਾਲਾ ਨਾ ਹੋਵੇ - ਉਸ ਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ ਜੇ ਉਹ ਵੈਲਫੇਅਰ ਉਤੇ ਮਾਇਕ ਤੌਰ ਤੇ ਨਿਰਭਰ ਹੋ ਜਾਵੇ। ਇਸ ਦੇ ਖਿਲਾਫ਼ ਮਤਾ ਪਾਸ ਕੀਤਾ ਗਿਆ ਕਿ ਹਰ ਇਮੀਗਰੈਂਟ ਜਾਂ ਸ਼ਹਿਰੀ ਦਾ ਹੱਕ ਹੈ ਕਿ ਉਹ ਜੇ ਇਸ ਸਮਾਜ ਦੀ ਉਨਤੀ ਵਿਚ ਹਿੱਸਾ ਪਾਉਣ ਲਈ ਆਜ਼ਾਦ ਹੈ ਅਤੇ ਉਸ ਤੋਂ ਐਸੇ ਹਿੱਸੇ ਦੀ ਆਸ ਹੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਲੋੜ ਪੈਣ ਉਤੇ ਵੈਲਫੇਅਰ ਤੇ ਜਾਣ ਦਾ ਹੱਕ ਵੀ ਚਾਹੀਦਾ ਹੈ।

ਇਮੀਗਰੇਸ਼ਨ ਐਕਟ ਦੇ ਸੈਕਸ਼ਨ 34 ਅਨੁਸਾਰ ਕਿਸੇ ਡੀਪੋਰਟ ਕੀਤੇ ਜਾ ਰਹੇ ਵਿਅਕਤੀ ਉਤੇ ਨਿਰਭਰ ਵਿਅਕਤੀ ਅਤੇ ਬੱਚੇ ਵੀ ਡੀਪੋਰਟ ਕੀਤੇ ਜਾ ਸਕਦੇ ਹਨ - ਜੇ ਉਹ ਆਤਮ ਨਿਰਭਰਤਾ ਸਾਬਤ ਨਾ ਕਰ ਸਕਣ। ਇਸ ਦੇ ਖਿਲਾਫ਼ ਮਤਾ ਪਾਸ ਕਰਕੇ ਇਹ ਮੰਗ ਕੀਤੀ ਗਈ ਕਿ ਹਰ ਉਸ ਵਿਅਕਤੀ ਨੂੰ ਇਸ ਤਰ੍ਹਾਂ ਨਾਲ ਪਰਿਵਾਰ ਮੁਖੀਏ ਨਾਲ ਡੀਪੋਰਟ ਨਹੀਂ ਕੀਤਾ ਜਾਣਾ ਚਾਹੀਦਾ ਜਿਹੜੇ ਵਿਅਕਤੀ ਨੂੰ ਇਥੇ ਕਾਨੂੰਨੀ ਤੌਰ ਪਰ ਰਹਿਣ ਦਾ ਹੱਕ ਹੋਵੇ ਇਮੀਗਰੈਂਟ ਜਾਂ ਸ਼ਹਿਰੀ ਦੇ ਤੌਰ ਤੇ। ਜੇ ਕੋਈ ਨਿਰਭਰ ਵਿਅਕਤੀ ਡੀਪੋਰਟ ਕੀਤੇ ਜਾ ਰਹੇ ਮੁਖੀਏ ਨਾਲ ਜਾਣਾ ਚਾਹੇ ਤਾਂ ਉਸ ਨੂੰ ਇਹ ਹੱਕ ਹਾਸਲ ਹੋਣਾ ਚਾਹੀਦਾ ਹੈ - ਪਰ ਮਰਜ਼ੀ ਦੇ ਖਿਲਾਫ਼ ਐਸਾ ਨਹੀਂ ਹੋਣਾ ਚਾਹੀਦਾ।

ਇਸ ਸੈਕਸ਼ਨ 34 ਦੇ ਡਰ ਕਾਰਨ ਕਈ ਪਰਿਵਾਰ ਤਸ਼ੱਦਦ ਦੇ ਸ਼ਿਕਾਰ ਸ਼ਿਕਾਇਤ ਕਰਾਉਣ ਤੋਂ ਡਰਦੇ ਹਨ। ਇਸ ਕਾਰਨ ਕਰਕੇ ਹੀ ਇਹ ਮਤਾ ਪਾਸ ਕੀਤਾ ਗਿਆ ਕਿ ਇਹ ਸੈਕਸ਼ਨ ਲਾਗੂ ਕਰਨਾ ਬੰਦ ਕਰਨਾ ਚਾਹੀਦਾ ਹੈ। ਲਗਦਾ ਹੈ ਨਵੇਂ ਇਮੀਗਰੇਸ਼ਨ ਐਕਟ ਅਧੀਨ ਵੀ ਇਹ ਖਤਰਨਾਕ ਅਤੇ ਮਾੜੀ ਧਾਰਾ ਚਾਲੂ ਹੀ ਰਹੇਗੀ।

ਬਾਕੀ ਮਸਲਿਆਂ ਉਤੇ ਜੱਦੋਜਹਿਦ ਦੇ ਨਾਲ ਨਾਲ ਸਾਨੂੰ ਚਾਹੀਦਾ ਹੈ ਪਰਿਵਾਰਕ ਤਸ਼ੱਦਦ ਅਤੇ ਮਾੜੇ ਕਾਨੂੰਨਾਂ ਦੇ ਖਿਲਾਫ਼ ਵੀ ਜੱਦੋਜਹਿਦ ਕਰੀਏ।

---


# JOHN MOTIUK AND COMPANY

*Wish to announce that*

**MR. UJJAL DOSANJH, B.A., LL.B. Barrister, Solicitor and Notary Public**

**has joined our firm in the practice of law.**

ਜੌਹਨ ਡਬਲਯੂ ਮੋਤੀਉਕ ਅਤੇ ਕੰਪਨੀ ਇਹ
ਦੱਸਣਾ ਚਾਹੁੰਦੇ ਹਨ ਕਿ ਉੱਜਲ ਦੋਸਾਂਝ
ਬੀ. ਏ. ਐਲ ਐਲ. ਬੀ, ਬੈਰਿਸਟਰ ਤੇ ਸੋਲਿਸਿਟਰ
ਅਤੇ ਨੋਟਰੀ ਪਬਲਿਕ, ਨੇ ਸਾਡੀ ਫਰਮ ਨਾਲ ਕੰਮ ਕਰਨਾ
ਸ਼ੁਰੂ ਕਰ ਦਿੱਤਾ ਹੈ।

*at*

# JOHN W· MOTIUK & CO.

BARRISTERS AND SOLICITORS

Kingsgate Mall
Ste. 112 - 370 E. Broadway
Vancouver, B.C. V5T 4G5
879-7737

5000 Kingsway Plaza
Ste. 345,
Burnaby, B.C. V5H 2E4
437-8684

ਦਰਪਣ

ਪਿਆਰੇ ਵਤਨੀਓ, ਤੁਸੀਂ ਵਤਨੋਂ ਦੂਰ ਬੈਠੇ ਜੋ ਬੇਹੱਦ ਵਤਨ ਨਾਲ ਸਾਂਝਾਂ ਨਿਭਾ ਰਹੇ ਹੋ ਅਤੇ ਬਾਕੀ ਦੇ ਵਤਨੋਂ ਦੂਰ ਵਸਦੇ ਮਿੱਤਰ-ਪਿਆਰਿਆਂ ਦੇ ਦਿਲਾਂ ਨੂੰ ਨਿੱਘੀਆਂ ਧੜਕਣਾਂ ਬਖਸ਼ ਰਹੇ ਹੋ। ਮੈਨੂੰ ਵਤਨੋਂ ਦੂਰ ਦੇ ਤਿੰਨ ਚਾਰ ਪਰਚੇ ਮਿਲੇ ਹਨ ਅਤੇ ਇਨ੍ਹਾਂ ਵਿਚ ਛਪਿਆ ਮੈਟਰ ਵੇਖ ਕੇ ਬੇਹੱਦ ਪ੍ਰਸੰਨਤਾ ਹੋਈ ਹੈ। ਤੁਸੀਂ ਪੰਜਾਬੀ ਮਾਤਾ ਦੇ ਮੰਦਿਰ ਦੀ ਜੋਤ ਇਸ ਢੰਗ ਨਾਲ ਜਗਾਈ ਹੈ ਕਿ ਹਰ ਪੰਜਾਬੀ ਪਿਆਰਾ ਤਨੋਂ-ਮਨੋਂ-ਧਨੋਂ ਤੁਹਾਡੀ ਹੌਸਲਾ-ਅਫਜ਼ਾਈ ਕਰਨਾ ਆਪਣਾ ਮੁੱਖ ਫਰਜ਼ ਸਮਝੇਗਾ। ਮੈਂ ਵੀ ਕੁੱਝ ਲਿਖਿਆ ਕਰਾਂਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਗਰਮੀਆਂ ਵਿਚ ਮੇਰਾ ਤੁਹਾਡੇ ਮੌਜੂਦਾ ਵਤਨ ਵਿਚ ਚੱਕਰ ਲੱਗੇ। ਜੇ ਮੈਂ ਕੈਨੇਡਾ ਆਇਆ ਤਾਂ ਤੁਹਾਡੇ ਦਫਤਰ ਜ਼ਰੂਰ ਪੁੱਜਾਂਗਾ।

ਗੁਰਨਾਮ ਸਿੰਘ ਤੀਰ
ਚੰਡੀਗੜ੍ਹ

....ਵਤਨੋਂ ਦੂਰ ਲੰਮੀ ਉਮਰ ਭੋਗੇ ਤੇ ਸਦਾ ਜਿਊਂਦਾ ਰਹੇ — ਇਕ ਮਸ਼ਾਲ ਵਾਂਗ ਜਗਦਾ ਰਹੇ।

ਅਜੀਤ ਸਿੰਘ ਚੰਦਨ
ਲੁਧਿਆਣਾ, ਪੰਜਾਬ

ਵਤਨੋਂ ਦੂਰ ਬਹੁਤ ਸੁਹਣਾ ਅਤੇ ਰੰਗੀਲਾ ਪਰਚਾ ਹੈ। ਤੁਹਾਡੇ ਵਸੀਲੇ ਇਸ ਨੂੰ ਸਦਾ ਚੜ੍ਹਦੀਆਂ ਕਲਾ ਵਿਚ ਰੱਖਣ ਵਾਸਤੇ ਕਾਫੀ ਹਨ। ਆਸ਼ਾ ਇਹ ਸਦਾ ਉਸਾਰੂ ਪੈੜੀ ਪੈਰ ਧਰੇ।

ਅਮਰਜੀਤ ਸੰਧੂ
204 ਚੱਕ ਹੁਸੈਨਾ, ਜਲੰਧਰ, ਪੰਜਾਬ

ਤੁਹਾਡਾ ਮੈਗਜ਼ੀਨ ਮੈਂ ਕਾਫ਼ੀ ਦੇਰ ਤੋਂ ਵੀਰ ਗੁਰਮੇਲ ਸਰਾਵਾਂ ਤੋਂ ਲੈ ਕੇ ਪੜ੍ਹਦੀ ਆ ਰਹੀ ਹਾਂ ਤੇ ਇਸ ਵਿਚ ਛਪੀਆਂ ਕਹਾਣੀਆਂ ਦੀ ਚੋਣ ਹਮੇਸ਼ਾਂ ਬਹੁਤ ਵਧੀਆ ਰਹੀ ਹੈ, ਤੇ ਪਰਚਾ ਵਾਰ ਵਾਰ ਪੜ੍ਹਨ ਨੂੰ ਜੀ ਕਰਦਾ ਹੈ। ਕੁੱਝ ਚਿਰ ਤੋਂ ਤੁਹਾਡੇ ਵਲੋਂ ਭੇਜੇ ਜਾ ਰਹੇ ਪਰਚੇ ਮੈਨੂੰ ਮਿਲ ਰਹੇ ਹਨ ਜਿਸ ਲਈ ਬਹੁਤ ਬਹੁਤ ਧੰਨਵਾਦ। ਵਤਨੋਂ ਦੂਰ ਦੀ ਹੋਰ ਕਾਮਯਾਬੀ ਲਈਆਂ ਮੇਰੀਆਂ ਸ਼ੁਭ ਇੱਛਾਵਾਂ ਤੁਹਾਡੇ ਨਾਲ ਹਨ।

ਤੇਜਿੰਦਰ ਕੌਰ ਗੁਲਜ਼ਾਰ
317 ਗੁਰੂ ਨਾਨਕਪੁਰਾ, ਸੰਗਰੂਰ

ਜਨਵਰੀ ਫਰਵਰੀ ਦਾ ਇਕੱਠਾ ਅੰਕ ਮਿਲਿਆ। ਵਤਨੋਂ ਦੂਰ ਤੇ ਆਏ ਸੰਕਟ ਤੇ ਹੋਰ ਉਸ ਸੰਕਟ ਚੋਂ ਜੇਤੂ ਬਣ ਨਿਕਲਣ ਖੁਸ਼ੀ ਦੀ ਗੱਲ ਹੈ। ਬਾਹਰਲੇ ਪੰਨੇ ਤੇ ਜਸਮੇਲ ਸੰਧੂ ਦਾ ਚਿੱਤਰ ਸ਼ਲਾਘਾ ਯੋਗ ਹੈ। ਅਣਖੀ ਅਤੇ ਘੁਮਾਣ ਦੀਆਂ ਕਹਾਣੀਆਂ ਚੰਗੀਆਂ ਲੱਗੀਆਂ।

ਸੁਖਦੇਵ ਸਿੰਘ ਹੁੰਦਲ
ਵੈਨਕੂਵਰ

ਜਨਵਰੀ ਫਰਵਰੀ ਦੇ ਪਰਚੇ ਵਿਚ ਉੱਜਲ ਦੋਸਾਂਝ ਦਾ ਲੇਖ ਵੀ ਵਧੀਆ ਹੈ ਅਤੇ ਕਵਿਤਾ ਵੀ। ਕਵਿਤਾ ਤਾਂ ਪੁਰਸਕਾਰ ਪੁਸਤਕਾਂ ਦੇ ਮੂੰਹ ਤੇ ਤਮਾਚਾ ਹੈ, ਉਂਞ ਕਵਿਤਾਈ ਵਿਚ ਕੋਈ ਮੰਨੇ ਜਾਂ ਨਾ। ਹਰਦੇਵ ਸਿੰਘ ਕਲਸੀ ਦੀ ਕਵਿਤਾ "ਨਵਾਂ ਸਾਲ" ਅਤੇ ਜਸਵੰਤ ਚੋਲ ਦਾ ਲੇਖ "ਫੈਮਿਲੀਇਜ਼ਮ ਕਮਿਊਨਿਜ਼ਮ" ਵਜ਼ਨਦਾਰ ਹਨ। ਦਰਪਣ ਵਿਚ ਜਿੰਨੀਆਂ ਦੂਰ ਤੋਂ ਦੂਰ ਅਤੇ ਨਜ਼ਦੀਕ ਤੋਂ ਨਜ਼ਦੀਕ ਪਾਠਕਾਂ ਦੀਆਂ ਚਿੱਠੀਆਂ ਦਿਆ ਕਰੋਗੇ ਉਨ੍ਹਾਂ ਹੀ ਪਾਠਕਾਂ ਦੀ ਪਰਚੇ ਨਾਲ ਨੇੜਤਾ ਵਧੇਗੀ।

ਗਿੱਲ ਅਵਤਾਰ
ਕੈਲਗਰੀ, ਅਲਬਰਟਾ

# ਵਤਨੋਂ ਦੂਰ — ਕੁਝ ਸੂਚਨਾਵਾਂ

- **NEW ADDRESS OF WATNO DUR:—P.O. Box 67681 Stn. "O"**
  **Vancouver, B.C. V5W 3V2**

- ਪਿਛਲੇ ਅੰਕ ਵਿਚ ਅਸੀਂ ਵਤਨੋਂ ਦੂਰ ਬਾਰੇ ਹੇਠ ਲਿਖੀ ਸੂਚਨਾ ਛਾਪੀ ਸੀ:

  > "ਵਤਨੋਂ ਦੂਰ ਨੂੰ ਇਸ ਦੇ ਮੌਜੂਦਾ ਰੂਪ ਵਿਚ ਚਲਦਾ ਰੱਖਣ ਲਈ ਸਾਨੂੰ ਇਸਦੇ ਪਿਛਲੇ ਪ੍ਰਕਾਸ਼ਕ ਨੂੰ ਪੰਜ ਹਜ਼ਾਰ (੫੦੦੦) ਡਾਲਰ ਦੇਕੇ ਪ੍ਰਕਾਸ਼ਨ ਅਧਿਕਾਰ ਖ਼ਰੀਦਣੇ ਪਏ ਹਨ। ਇਸ ਤੋਂ ਇਲਾਵਾ ਵਤਨੋਂ ਦੂਰ ਲਈ 1978 ਤੇ 1979 ਦੇ ਸਾਲਾਂ ਲਈ ਆਏ ਚੰਦਿਆਂ ਦੇ ਪੈਸੇ ਵੀ ਸਾਨੂੰ ਪਹਿਲੇ ਪ੍ਰਕਾਸ਼ਕ ਵੱਲੋਂ ਨਹੀਂ ਮਿਲੇ।
  >
  > ਪਰ ਅਸੀਂ ਆਪਣੇ ਸਾਰੇ ਪਾਠਕਾਂ ਤੇ ਸਨੇਹੀਆਂ ਨੂੰ ਵਿਸ਼ਵਾਸ ਦੁਆਉਣਾ ਚਾਹੁੰਦੇ ਹਾਂ ਕਿ ਵਤਨੋਂ ਦੂਰ ਉਹਨਾਂ ਨੂੰ ਪਹਿਲਾਂ ਵਾਂਗ ਹੀ ਲਗਾਤਾਰ ਮਿਲਦਾ ਰਹੇਗਾ।"

- ਪਿਛਲੇ ਪ੍ਰਕਾਸ਼ਕ ਸ੍ਰੀ ਤਾਰਾ ਸਿੰਘ ਹੇਅਰ ਨੇ ਸਾਨੂੰ ਵਕੀਲ ਰਾਹੀਂ ਹੇਠ ਲਿਖਿਆ ਪੈਰਾਗ੍ਰਾਫ਼ ਮਾਰਚ 78 ਦੇ ਅੰਕ ਵਿਚ ਛਾਪਣ ਲਈ ਭੇਜਿਆ ਹੈ:

  "Further to the information page of our last issue, it was stated that one of the reasons for an increase in subscription rates was that we were not paid by the ex-publisher, the subscriptions received for the year 1978/79. It has been pointed out that by our contract of purchase for the publishing rights we promised to honor those prepaid subscriptions paid prior to December 31, 1977."

- ਜਦੋਂ ਤੁਹਾਡਾ ਪਤਾ ਬਦਲੇ ਤਾਂ ਆਪਣਾ ਨਵਾਂ ਪਤਾ ਵਤਨੋਂ ਦੂਰ ਨੂੰ ਭੇਜਣਾ ਨਾ ਭੁੱਲੋ।

- ਅਸੀਂ ਪਾਠਕਾਂ ਤੋਂ ਖਿਮਾ ਮੰਗਦੇ ਹਾਂ ਕਿ ਵਤਨੋਂ ਦੂਰ ਦੇ ਰਾਹ ਵਿਚ ਆਈਆਂ ਔਕੜਾਂ ਅਤੇ ਕੁਝ ਹੋਰ ਕਾਰਣਾਂ ਕਰਕੇ ਅਸੀਂ ਅਜੇ ਤਕ ਕੈਨੇਡੀਅਨ-ਪੰਜਾਬੀ ਕਹਾਣੀ ਅੰਕ ਪ੍ਰਕਾਸ਼ਤ ਨਹੀਂ ਕਰ ਸਕੇ। ਪਾਠਕਾਂ ਵਲੋਂ ਅਕਸਰ ਮੰਗ ਰਹਿੰਦੀ ਹੈ ਕਿ ਵਤਨੋਂ ਦੂਰ ਵਿਚ ਜ਼ਿਆਦਾ ਹਿੱਸਾ ਕੈਨੇਡੀਅਨ-ਪੰਜਾਬੀ ਸਾਹਿਤ ਦਾ ਹੋਵੇ; ਅਸੀਂ ਵੀ ਆਪਣਾ ਸਾਰਾ ਸਮਾਂ ਇਸੇ ਮੰਤਵ ਦੀ ਪੂਰਤੀ ਲਈ ਲਗਾਉਣਾ ਚਾਹੁੰਦੇ ਹਾਂ ਤੇ ਏਸੇ ਕਰਕੇ ਵਤਨੋਂ ਦੂਰ ਦੀਆਂ ਮੁਸ਼ਕਲਾਂ ਦੀ ਅਸੀਂ ਪਾਠਕਾਂ ਨਾਲ ਹੀ ਸਾਂਝੀਆਂ ਕਰਕੇ ਹੱਲ ਕਰਨਾ ਚਾਹੁੰਦੇ ਹਾਂ, ਕਚਹਿਰੀਆਂ ਜਾਂ ਵਕੀਲਾਂ ਦੇ ਦਫ਼ਤਰਾਂ ਵਿਚ ਜਾ ਕੇ ਸਮਾਂ ਨਸ਼ਟ ਕਰਨ ਵਿਚ ਕੋਈ ਸਿਆਣਪ ਨਹੀਂ ਸਮਝਦੇ।

# ਮਾਲਕ

ਸੁੱਖਵੰਤ ਸਿੰਘ ਹੁੰਦਲ

ਮਿੰਨੀ ਸਚਾਈ ਕਲਮ

ਰਤਨ ਅਚਾਨਕ ਹੀ ਮੈਨੂੰ ਸੇਫਵੇ 'ਚ ਮਿਲ ਪਿਆ।
"ਸੁਣਾ ਫੇਰ ਕਿਵੇਂ ਆਂ, ਸੁਣਿਆ ਨਵਾਂ ਘਰ ਲੈ ਲਿਆ"
"ਹਾਂਹੋ"
"ਫੇਰ ਪਾਰਟੀ ਕਦ ਦੇਣੀ ਹੈ"
"ਪਾਰਟੀ ਨੂੰ ਕਿਹੜੀ ਮੈਂ ਮੁੱਲ ਖਰੀਦੀ ਹੈ। ਕਿਸੇ ਦਿਨ ਘਰ ਆਈਂ ਪਾਰਟੀ ਲੈ ਲਈਂ" ਉਸ ਢਿੱਲਾ ਜਿਹਾ ਜਵਾਬ ਦਿੱਤਾ।
"ਪਰ ਸੱਤ ਸਿੱਟ ਦਿਹਾੜੀਆਂ ਉਧਾਰੀਆਂ ਸਾਰ ਕਰ ਮੈਂ ਜਾਣ ਲਈ ਮੁੜਿਆ ਤਾਂ ਉਸ ਪਿੱਛੋਂ ਆਵਾਜ਼ ਮਾਰ ਕੇ ਕਿਹਾ
"ਲੈ ਯਾਰ, ਜੇ ਕੋਈ ਬੇਸਮੈਂਟ ਕਿਰਾਏ ਤੇ ਦਿਵਾ ਦੇਵਿਆ ਤਾਂ ਦੱਸੀਂ"
"ਕਿਉਂ ਤੈਨੂੰ ਕੀ ਲੋੜ ਪੈ ਗਈ, ਹਾਲੇ ਹੁਣ ਤਾਂ ਨਵਾਂ ਘਰ ਲਿਆ" ਮੈਂ ਕਿਹਾ
"ਯਾਰ ਤੈਨੂੰ ਪਤਾ ਹੀ ਹੈ, ਘਰ ਦੀ ਕਿਸ਼ਤ ਦੇਣੀ ਕਿੰਨੀ ਔਖੀ ਹੈ। ਮੈਂ ਸੋਚਦਾ, ਹਾਲੇ ਅਸੀਂ ਸਾਲ ਦੋ ਸਾਲ ਸਾਰਾ ਘਰ ਕਿਰਾਏ ਤੇ ਚਾੜ੍ਹ ਦੇਈਏ ਤੇ ਆਪ ਕਿਸੇ ਬੇਸਮੈਂਟ 'ਚ ਸਾਰ ਲਈਏ। ਫੇਰ ਜਦ ਹੱਥ ਸੁਖਾਲਾ ਹੋ ਗਿਆ ਘਰ 'ਚ ਮੁੜ ਹੋ ਜਾਵਾਂਗੇ।
"ਘਰ ਹੀ ਸਾਲ ਦੋ ਸਾਲ ਠਹਿਰ ਕੇ ਲੈ ਲੈਂਦਾ" ਮੈਂ ਕਿਹਾ।
"ਉਏ ਤੈਨੂੰ ਨਹੀਂ ਪਤਾ। ਲੋਕ ਗੱਲਾਂ ਨਹੀਂ ਕੀਹ ਦਿੰਦੇ। ਆਖੇ ਤਿੰਨ ਸਾਲ ਹੋ ਗਏ ਏਥੇ ਆਏ ਨੂੰ, ਹਾਲੇ ਘਰ ਨਹੀਂ ਲੈ ਹੋਇਆ।


## NOW—A LIFE INSURANCE POLICY THAT GUARANTEES EVERY CENT OF YOUR MONEY BACK

**anytime you ask — after premiums have been paid and the policy has been in force for two years.**

SAVE MORE INCOME TAX THROUGH R.R.S.P.



BAKHSHISH S. DHILLON
B.A. B.T.
Sales Representative
Res. 873-3194

**For further information please feel free to call any one of us without obligation:**

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



RUPINDER AZAD M.A.
Unit Supervisor
Res. 430-1924
438-9146

**SEABOARD LIFE INSURANCE COMPANY**

202 - 4640 No. 3 rd. Richmond, B.C.
Office 273-2961

# ਇੰਗਲੈਂਡ ਵਿਚ ਭਾਰਤੀ ਮਾਪਿਆਂ ਅਤੇ ਬੱਚਿਆਂ ਵਿਚਕਾਰ ਟੱਕਰ

ਪ੍ਰੀਤਮ ਸਿੱਧੂ

"ਮੈਂ ਭਾਈ ਤੈਨੂੰ ਪੌਂਡ ਦਾ ਨੋਟ ਨਹੀਂ ਸੀ ਦਿਤਾ ?"

"ਤੇ ਮੈਂ ਦਸ ਪੈਨੀਆਂ ਟਿਕਟ ਦੀਆਂ ਕੱਟ ਕੇ ਨੱਬੇ ਪੈਨੀਆਂ ਤੈਨੂੰ ਵਾਪਸ ਨਹੀਂ ਕੀਤੀਆਂ ?"

ਸਰਦੀਆਂ ਦੀ ਚਿੱਪ ਚਿੱਪ ਕਰਦੀ ਇਕ ਸਵੇਰ ਦੇ ਸੱਤ ਵਜੇ ਬੱਸ ਵਿਚ ਭਰੀਆਂ ਹੋਈਆਂ ਸਵਾਰੀਆਂ ਵਿਚੋਂ ਇਕ ਅੱਧਖੜ ਉਮਰ ਦੀ ਅੱਧਪੜ੍ਹ ਭਾਰਤੀ ਇਸਤਰੀ ਅੰਗਰੇਜ਼ ਕੰਡਕਟਰ ਨਾਲ ਜਾਲੰਧਰੀ ਅੰਗਰੇਜ਼ੀ ਵਿਚ ਭਾਨ ਦੇ ਘਟ ਮੋੜਨ ਦੇ ਸ਼ੱਕ ਵਿਚ ਤੂੰ ਤੂੰ ਮੈਂ ਮੈਂ ਕਰ ਰਹੀ ਸੀ। ਕੰਡਕਟਰ ਨੇ ਭਾਨ ਜਦੋਂ ਦੂਜੀ ਵਾਰ ਫਿਰ ਗਿਣ ਕੇ ਪੂਰੀ ਕਰ ਦਿਤੀ ਤਾਂ ਮੇਰੀ ਸੀਟ ਦੇ ਅਗੇ ਬੈਠੀਆਂ ਦੋ ਭਾਰਤੀ ਸਕੂਲੀ ਕੁੜੀਆਂ ਇਸ ਅੱਧਖੜ ਭਾਰਤੀ ਸਿੱਧੀ ਜਿਹੀ ਇਸਤਰੀ ਉਤੇ ਖਿਝ ਕੇ ਬੁੜਬੁੜਾਈਆਂ :

"ਫੂਲਿਸ਼ ਓਲਡ ਕਾਊ।" (ਬੇਵਕੂਫ ਬੁੱਢੀ ਗਾਂ)

"ਮੈਨੂੰ ਮੇਰੀ ਨੂੰਹ ਕਹਿੰਦੀ ਐ ਕਿ ਅੰਗਰੇਜ਼ ਦੁਕਾਨ-ਦਾਰ ਨੇ ਮੈਨੂੰ ਮੁੱਛ ਲਿਆ ਹੈ।" ਹੱਥ ਵਿਚ ਕੱਟਿਆ ਹੋਇਆ ਮੁਰਗਾ ਫੜੀ ਖੜੇ ਕੋਈ ਸੱਠ ਕੁ ਸਾਲ ਦੇ ਬਾਬੇ ਨੇ ਮੇਰਾ ਧਿਆਨ ਖਿੱਚਣ ਲਈ ਆਪਣਾ ਦੁੱਖੜਾ ਧਾਂ ਵਿਖਾਇਆ। ਹੁਣ ਬਾਬਾ ਜ਼ਬਾਨ ਦੀ ਔਕੜ ਕਾਰਨ ਆਪਣੇ ੧੪ ਸਾਲਾਂ ਦੇ ਪੋਤੇ ਮੀਤੂ ਨੂੰ ਔਖ ਨਿਵਾਰਣ ਲਈ ਨਾਲ ਲੈ ਕੇ ਆਇਆ ਸੀ। ਅੰਗਰੇਜ਼ ਦੁਕਾਨਦਾਰ ਨੇ ਮੇਰਾ ਮੂੰਹ ਮੱਥਾ ਜਿਹਾ ਵੇਖ ਕੇ ਸ਼ਾਇਦ ਗਵੇੜ ਲਾ ਲਿਆ ਕਿ ਮੈਂ ਅੰਗਰੇਜ਼ੀ ਭਾਸ਼ਾ ਜਾਣਦਾ ਹੋਵਾਂਗਾ ਇਸੇ ਲਈ ਉਸ ਮੈਨੂੰ ਬਾਬੇ ਨੂੰ ਸਮਝਾਉਣ ਲਈ ਕੱਟੇ ਹੋਏ ਮੁਰਗੇ ਦਾ ਵਜ਼ਨ ਅਤੇ ਉਸ ਦੀ ਕੁੱਲ ਕੀਮਤ ਦਸ ਦਿਤੀ। ਮੈਂ ਵੀ ਬਾਬੇ ਕੋਲ ਗੱਲ ਅਪੜਦੀ ਕਰ ਦਿਤੀ ਕਿ ਅੰਗਰੇਜ਼ ਦੁਕਾਨਦਾਰ ਨੇ ਠੀਕ ਹੀ ਪੈਸੇ ਲਏ ਹਨ। ਪਰ ਬਾਬੇ ਕੋਲ ਕੋਈ ਸੋਹਣਾ ਉੱਤਰ ਨਾ ਹੋਣ ਕਾਰਨ ਅਤੇ ਨੂੰਹ ਪਾਸੋਂ ਖਹਿੜਾ ਛੁਡਾਉਣ ਲਈ ਉਸ ਨੇ ਕੱਟਿਆ ਹੋਇਆ ਮੁਰਗਾ ਮੋੜਨ ਲਈ ਕਾਫ਼ੀ ਤਕਰਾਰ ਕੀਤਾ। ਛਨਿਚਰਵਾਰ ਦਾ ਦਿਨ ਹੋਣ ਕਾਰਨ ਇਤਨੇ ਸਮੇਂ ਵਿਚ ਸਾਡੇ ਮਗਰ ਗਾਹਕਾਂ ਦੀ ਰੱਬ ਜਿਡੀ ਲੰਬੀ ਕਤਾਰ ਲੱਗ ਚੁੱਕੀ ਸੀ। ਇਸ ਅਵਸਥਾ ਨੇ ਜਿਥੇ ਦੁਕਾਨਦਾਰ ਦੇ ਸੁਭਾਉ ਵਿਚ ਤੇਜ਼ੀ ਅਤੇ ਖਰ੍ਹਵਾਪਨ ਲੈ ਆਂਦਾ ਉਥੇ ਦੇਰ ਹੋਣ ਕਾਰਨ ਗਾਹਕਾਂ ਦੇ ਚਿਹਰਿਆਂ ਉਤੇ ਵੀ ਬਾਬੇ ਦੇ ਵਿਆਹ ਵਿਚ ਘੀ ਦਾ ਸੇਪਾ ਕਰਨ ਦੀ ਇਸ ਅਵਸਥਾ ਨੂੰ ਤੱਕ ਕੇ ਘਿਰਣਾ ਦੇ ਨਿਸ਼ਾਨ ਹੁਣ ਗੂੜ੍ਹੇ ਰੰਗ ਉਹ ਮਾਤਾ ਦੇ ਦਾਣਿਆਂ ਵਾਂਗੂੰ ਵਧੇਰੇ ਉੱਘੜ ਆਏ ਸਨ। ਅੰਗਰੇਜ਼ ਦੁਕਾਨਦਾਰ ਨੇ ਮੁਰਗਾ ਵਾਪਸ ਲੈਣ ਤੋਂ ਸਾਫ਼ ਇਨਕਾਰ ਕਰ ਦਿਤਾ। ਇਸ ਸਾਰੀ ਗਿਝ ਗਝਈ ਨੂੰ ਬਾਬੇ ਦਾ ਪੋਤਾ ਬੇਬਸੀ ਅਤੇ ਬੜੇ ਗਹੁ ਨਾਲ ਵੇਖ ਰਿਹਾ ਸੀ। ਆਖ਼ਰ ਕਤਾਰ ਵਿਚ ਖੜੇ ਅੰਗਰੇਜ਼ ਗਾਹਕਾਂ ਦੀਆਂ ਬਾਬੇ ਸੰਬੰਧੀ ਉਚਾਰੀਆਂ ਗੱਲਾਂ ਸੁਣ ਕੇ ੧੪ ਸਾਲ ਦੇ ਬਾਬੇ ਦੇ ਇਸ ਪੋਤੇ ਨੇ ਜੁਆਕ ਦੇ ਹੱਥੋਂ ਮੱਕੀ ਦਾ ਟੁਕ ਖੋਹਣ ਵਾਲੇ ਕਾਂ ਵਾਂਗੂੰ ਝੱਪਟ ਮਾਰ ਕੇ ਮੁਰਗਾ ਬਾਬੇ ਦੇ ਹੱਥੋਂ ਖੋਹਦਿਆਂ ਉੱਚੀ ਸਾਰੀ ਚੀਕ ਜਿਹੀ ਮਾਰ ਕੇ ਅੰਗਰੇਜ਼ੀ ਵਿਚ ਆਖਿਆ :

"ਓਲਡ ਆਊਲ।" (ਬੁੱਢਾ ਉੱਲੂ)

ਛਿੱਥਾ ਜਿਹਾ ਹੋਇਆ ਮੁੰਡਾ ਗਾਹਕਾਂ ਦੀ ਕਤਾਰ ਨੂੰ ਵਿਚਕਾਰੋਂ ਚੀਰ ਪਾ ਕੇ ਘਰ ਨੂੰ ਦੁੜਕੀ ਹੋ ਗਿਆ। ਬਾਬਾ ਖ਼ਾਲੀ ਹੱਥ ਕੋਟ ਦੀਆਂ ਜੇਬਾਂ ਵਿਚ ਅੜਾਈ ਹਾਰੇ ਹੋਏ ਜੁਆਰੀਏ ਵਾਂਗ ਆਪਣੇ ਪੋਤੇ ਦੀ ਪੈੜ ਕਢਦਾ ਘਰ ਨੂੰ ਪਰਤ ਗਿਆ।

ਪਿਛਲੇ ਸ਼ੁਕਰਵਾਰ ਸ਼ਾਮ ਨੂੰ ਸਵਾਰੀਆਂ ਨਾਲ ਭਰੀ ਹੋਈ ਬੱਸ ਵਿਚ ਤਿੰਨ ਪੰਜਾਬੀ ਬੀਬੀਆਂ ਤਾਜ਼ਾ ਮਿਲੀ ਤਨਖ਼ਾਹ ਵਾਲੇ ਲਫ਼ਾਫ਼ੇ ਇਕ ਦੂਜੀ ਨੂੰ ਵਿਖਾ ਕੇ ਵਧ ਪੌਂਡ ਕਮਾਉਣ ਦੀ ਨੁਮਾਇਸ਼ ਕਰ ਰਹੀਆਂ ਸਨ। ਗੁੱਟ ਤੋਂ ਲੈ ਕੇ ਕੂਹਣੀ ਤੀਕ ਚਾੜ੍ਹੀਆਂ ਸੋਨੇ ਦੀਆਂ ਵੰਗਾਂ ਦੀ ਛਣਕਾਰ ਨਾਲ ਉਹ ਘੜੀ ਮੁੜੀ ਲਫ਼ਾਫ਼ੇ ਵਿਚੋਂ ਤਨਖ਼ਾਹ ਵਾਲੀ ਪਰਚੀ ਕੱਢ ਕੇ ਵੇਖਦੀਆਂ ਅਤੇ ਨਾਲ ਬੈਠੀ ਸਵਾਰੀ ਨੂੰ ਪੌਂਡਾਂ ਦੀ ਲੋਰ ਵਿਚ ਫੁਟ ਕੁ ਅਗੇ ਧੱਕ ਦਿੰਦੀਆਂ। ਹਰੇ ਰੰਗ ਦੇ ਮਲਿਕਾ ਦੀ ਮੂਰਤ ਵਾਲੇ ਪੌਂਡਾਂ ਨੇ ਜਿਵੇਂ ਬੀਬੀਆਂ

ਉਤੇ ਕੋਈ ਟੂਣਾ ਕਰ ਰਖਿਆ ਸੀ । ਪੈਂਠਾਂ ਸਵਾਰੀਆਂ ਵਾਲੀ ਬੱਸ ਵਿਚ ਕੇਵਲ ਇਨ੍ਹਾਂ ਤਿੰਨਾ ਬੀਬੀਆਂ ਦਾ ਹੀ ਕੁੱਕੜ੍ਹ ਘੜ੍ਹ ਬੋਲਦਾ ਸੀ । ਪੌਂਡਾਂ ਦੇ ਭਰੇ ਲਫਾਫਿਆਂ ਦੇ ਨਸ਼ੇ ਵਿਚ ਬੀਬੀਆਂ ਇਤਨੀਂ ਜ਼ੋਰ ਦੀ ਬੋਲ ਰਹੀਆਂ ਸਨ ਕਿ ਸਵੇਰ ਤੋਂ ਸ਼ਾਮ ਤੀਕ ਕਾਰਖ਼ਾਨਿਆਂ ਦੇ ਰੌਲੇ ਅਤੇ ਮਸ਼ੀਨਾਂ ਦੀ ਘੈਂਸ ਘੈਂਸ ਤੋਂ ਤੰਗ ਆਏ ਬੱਸ ਦੇ ਮੁਸਾਫ਼ਿਰਾਂ ਦੇ ਮੂੰਹ ਘ੍ਰਿਣਾ ਦੀ ਕੁੜੱਤਣ ਨਾਲ ਭਰੇ ਪਏ ਸਨ ।

ਸਕੂਲਾਂ ਵਿਚੋਂ ਛੁੱਟੀ ਕਰ ਕੇ ਬੱਸ ਵਿਚ ਆ ਚੜ੍ਹੇ ਭਾਰਤੀ ਮੁੰਡੇ ਕੁੜੀਆਂ ਇਨ੍ਹਾਂ ਬੀਬੀਆਂ ਵਲੋਂ ਬੱਸ ਵਿਚ ਹੀ ਮੋਗੇ ਦੀਆਂ ਡੀਆਂ ਲਾਉਣ ਉਤੇ ਅੱਡੀਆਂ ਤੀਕ ਮੱਚੇ ਬੈਠੇ ਸਨ । ਜਿਉਂ ਹੀ ਅੰਗਰੇਜ਼ ਸਵਾਰੀਆਂ ਇਨ੍ਹਾਂ ਬੀਬੀਆਂ ਦੀ [illegible] ਚਰ ਸੰਬੰਧੀ ਅੰਗਰੇਜ਼ੀ ਵਿਚ ਕੁਝ ਕਹਿਣ ਇਹ ਭਾਰਤੀ ਪਾੜ੍ਹੂ, ਮੁੰਡੇ ਕੁੜੀਆਂ ਸੁਣ ਕੇ ਇਨ੍ਹਾਂ ਬੀਬੀਆਂ ਵਲ ਮਾਣ [illegible]ਗੀ ਦਾਂ ਵਾਂਗ ਝਾਕਣ, ਪਰ ਪੌਂਡਾਂ ਦੀਆਂ ਮਸਤਾਈਆਂ ਮਾਸੀਆਂ ਕੀ ਜਾਣਦੀਆਂ ਗਿਆਨਾਂ ਕੀਹਦਾ ਮਾਸੜ ਹੈ । ਅਗਲੀ ਸੀਟ ਉਤੇ ਬੈਠੀਆਂ ਦੋ ਪੰਜਾਬੀ ਸਕੂਲੀ ਕੁੜੀਆਂ ਵਿਚੋਂ ਇਕ ਸ਼ਰਮਾਕਲ ਜਿਹੀ ਕੁੜੀ ਦਾ ਮੋਢਾ ਹਲੂਣ ਕੇ ਇਨ੍ਹਾਂ ਤਿੰਨਾਂ ਬੀਬੀਆਂ ਵਿਚੋਂ ਸੋਨੇ ਦੇ ਲਵਾਏ ਦੰਦ ਵਾਲੀ ਬੀਬੀ ਨੇ ਪੁੱਛਿਆ :

"ਵੇਖ ਖਾਂ ਗੁੱਡੀ ਭਲਾ ਖਸਮਾਂ ਨੂੰ ਖਾਣੇ ਨੇ ਟੈਕਸ ਦੇ ਕਿੰਨੇ ਪੈਸੇ ਕਟੇ ਆ ?"

"ਮੈਨੂੰ ਤਾਂ ਨੀਂ ਪਤਾ ਲਗਣਾ ਏਹਦਾ ।"

ਰਤਾ ਕੁ ਸੰਗਦੀ, ਰਤਾ ਕੁ ਝਿਜਕਦੀ ਅਤੇ ਭੋਰਾ ਕੁ ਖਿਝੀ ਹੋਈ ਦੋਹਾਂ ਵਿਚੋਂ ਇਕ ਕੁੜੀ ਨੇ ਉੱਤਰ ਦਿਤਾ ।

"ਫੇਰ ਆਹ ਬੜੇ ਬੂਟ ਜਰਾਬਾਂ ਪਾ ਕੇ ਕਾਹਤੋਂ ਖੋਤੇ ਵਾਂਗੂ ਕੱਸੀਆਂ ਫਿਰਦੀਆਂ ਉਂ ?"

ਸੱਜੇ ਹੱਥ ਨਾਲ ਪਚਾਕੇ ਮਾਰ ਮਾਰ ਐਪਲ ਖਾਂਦੀ ਇਕ ਬੀਬੀ ਨੇ ਪੜ੍ਹੀਆਂ ਲਿਖੀਆਂ ਕੁੜੀਆਂ ਵਿਰੁਧ ਆਪਣੇ ਮਨ ਦੀਆਂ ਡੂੰਘਾਈਆਂ ਵਿਚ ਲੁਕੀ ਹੋਈ ਈਰਖਾ ਦਾ ਪ੍ਰਗਟਾਅ ਕਰਦਿਆਂ ਉਨ੍ਹਾਂ ਕੁੜੀਆਂ ਦੇ ਸੁਹਲ ਸਰੀਰਾਂ ਉਤੇ ਖਰ੍ਹਵੀ, ਰੁੱਖੀ ਅਤੇ ਲੰਬੀ ਜੀਭ ਦਾ ਛਾਂਟਾ ਜੜ ਦਿਤਾ ।

ਆਪਣੀ ਕਾਰ ਦੇ ਬੂਟ ਵਿਚ ਸੂਟਕੇਸ ਰਖਦੇ ਸਾਡੇ ਗਵਾਂਢੀ ਮਿਸਤਰੀ ਤੇਜਾ ਸਿੰਘ ਪਨੇਸਰ ਨੂੰ ਟੀਟੂ ਟੀਟੂ ਕਰਦੀ ਪੁਲਸ ਦੀ ਕਾਰ ਨੇ ਆ ਘੇਰਿਆ । ਪੁਲੀਸ ਬਾਹਰ ਆਈ ਵੇਖ ਕੇ ਇਥੋਂ ਦੀ ਪੜ੍ਹੀ ਲਿਖੀ, ਸਰਕਾਰੀ ਦਫ਼ਤਰ ਵਿਚ ਕੰਮ ਕਰਦੀ ਅਠਾਰਾਂ ਉਨ੍ਹੀਆਂ ਵਰ੍ਹਿਆਂ ਦੀ ਉਸ ਦੀ ਧੀ ਅੰਦਰੋਂ ਗੋਲੀ ਵਾਂਗ ਚੀਕਾਂ ਮਾਰਦੀ ਆਈ ਅਤੇ ਪੁਲਸ ਦੇ ਸਿਪਾਹੀ ਨੂੰ ਚੰਬੜ ਗਈ । ਉਸ ਅੰਗਰੇਜ਼ੀ ਵਿਚ ਪੁਲੀਸ ਨੂੰ ਸਾਰੀ ਵਿਥਿਆ ਕਹਿ ਸੁਣਾਈ ਕਿ ਕਿਵੇਂ ਉਸ ਨੂੰ ਪਿਛਲੇ ਅੰਦਰ ਬੰਦ ਕਰ ਕੇ, ਉਸ ਦੀਆਂ ਹਥੇਲੀਆਂ ਉਪਰ ਮੰਜੇ ਦੇ ਪਾਵੇ ਰਖ ਕੇ ਉਸ ਦਾ ਬਾਪ ਬੈਠਾ ਰਿਹਾ ਸੀ । ਉਸ ਨੇ ਆਪਣੇ ਹੱਥਾਂ ਦੀਆਂ ਬਣੀਆਂ ਠੂਠੀਆਂ ਜਿਹੀਆਂ ਸਿਪਾਹੀ ਅਗੇ ਕਰਦਿਆਂ ਧਾਹਾਂ ਮਾਰ ਮਾਰ ਕਹਿਣਾ ਸ਼ੁਰੂ ਕੀਤਾ :

"ਇਹ ਇੰਡੀਆ ਲਿਜਾ ਕੇ ਜ਼ਬਰਦਸਤੀ ਮੇਰਾ ਵਿਆਹ ਕਿਸੇ ਮੁੰਡੇ ਨਾਲ ਕਰਨਾ ਚਾਹੁੰਦੇ ਹਨ । ਜਿਸ ਨੂੰ ਮੈਂ ਜਾਣਦੀ ਵੀ ਨਹੀਂ । ਮੈਂ ਆਪਣੇ ਦਫ਼ਤਰ ਵਿਚ ਕੰਮ ਕਰਦੇ ਮੇਰੇ ਪੁਰਾਣੇ ਜਮਾਤੀ ਗੁਜਰਾਤੀ ਮੁੰਡੇ ਨਾਲ ਵਿਆਹ ਕਰਨਾ ਚਾਹੁੰਦੀ ਹਾਂ । ਇਹ ਹੁਣ ਮੈਨੂੰ ਜ਼ਬਰਦਸਤੀ ਜਹਾਜ਼ ਚੜ੍ਹਾਉਣ ਲਈ ਜਾ ਰਹੇ ਸਨ । ਮੈਂ ਨਹੀਂ ਜਾਣਾ ਚਾਹੁੰਦੀ ।" ਇਤਨੇ ਨੂੰ ਪੁਲੀਸ ਦੀ ਦੂਜੀ ਕਾਰ ਵਿਚ ਉਸ ਦਾ ਦੋਸਤ ਮੁੰਡਾ ਵੀ ਆ ਗਿਆ । ਏਅਰਪੋਰਟ ਉੱਤੇ ਜਾਣ ਦੀ ਥਾਂ ਮਿਸਤਰੀ ਤੇਜਾ ਸਿੰਘ ਪੁਲੀਸ ਥਾਣੇ ਨੂੰ ਜਾ ਰਿਹਾ ਸੀ । ਪੁਲੀਸ ਨੇ ਮੁੰਡੇ ਅਤੇ ਕੁੜੀ ਦੋਹਾਂ ਨੂੰ ਇਕੱਠਿਆਂ ਕਾਰ ਦੀ ਪਿਛਲੀ ਸੀਟ ਉਪਰ ਆਜ਼ਾਦ ਛੱਡ ਦਿਤਾ ਸੀ ।

ਮੈਂ ਇਨ੍ਹਾਂ ਉਪਰ ਉੱਕਤ ਉਦਾਹਰਣਾਂ ਦੇ ਆਧਾਰ ਉੱਤੇ ਕੁਝ ਸਿੱਟੇ ਕੱਢਣ ਦਾ ਯਤਨ ਕਰਾਂਗਾ । ਉਂਜ ਭਾਵੇਂ ਰੋਜ਼ ਅਸੀਂ ਅਜਿਹੀਆਂ ਘਟਨਾਵਾਂ ਵੇਖਦੇ, ਸੁਣਦੇ ਜਾਂ ਪੜ੍ਹਦੇ ਹਾਂ ਜਿਹੜੀਆਂ ਕਿ ਕਈ ਵਾਰ ਸਮੇਂ ਦੇ ਸਮਾਜਿਕ ਸੱਚ ਦਾ ਚੰਗਾ ਪ੍ਰਦਰਸ਼ਨ ਕਰਦੀਆਂ ਹਨ । ਪਰੰਤੂ ਅਸੀਂ ਉਨ੍ਹਾਂ ਦੀ ਤਹਿ ਵਿਚ ਲੁੱਕੇ ਕਾਰਨਾਂ ਦਾ ਸਮਾਜਿਕ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਇਕਾਗਰ ਹੋ ਕੇ ਵਿਸ਼ਲੇਸ਼ਨ ਨਹੀਂ ਕਰਦੇ । ਉਪਰਲੀਆਂ ਮਿਸਾਲਾਂ ਵਿਚੋਂ ਪਹਿਲੀ ਸਚਾਈ ਤਾਂ ਇਹ ਨਿਕਲਦੀ ਹੈ ਕਿ ਇੰਗਲੈਂਡ ਵਿਚ ਵਿਦਿਆ ਪ੍ਰਾਪਤ ਕਰ ਰਹੇ ਜਾਂ ਕਰ ਚੁੱਕੇ ਭਾਰਤੀ ਬੱਚਿਆਂ ਦਾ ਜ਼ਿੰਦਗੀ ਵਲ ਨਜ਼ਰੀਆ ਆਪਣੇ ਮਾਂ ਬਾਪ ਨਾਲੋਂ ਕਿਤੇ ਵਖਰਾ ਹੈ । ਇਨ੍ਹਾਂ ਘਟਨਾਵਾਂ ਦੀ ਤਹਿ ਵਿਚ ਭਾਰਤੀ ਬੱਚਿਆਂ ਦੇ ਮਨਾਂ ਅੰਦਰ ਪੈਸੇ ਦੇ ਦ੍ਰਿਸ਼ਟੀਕੋਣ ਤੋਂ ਆਪਣੇ ਮਾਪਿਆਂ ਸੰਬੰਧੀ ਉਹੋ ਹੀ ਨਜ਼ਰੀਆ ਹੈ ਜਿਹੜਾ ਕਈ ਅੰਗਰੇਜ਼ਾਂ ਦਾ ਸਾਡੇ ਸੰਬੰਧੀ ਪ੍ਰਚਲਤ ਕਥਾਵਾਂ ਦੇ ਆਧਾਰ ਉੱਤੇ ਬਣਿਆ ਹੋਇਆ ਹੈ । ਭਾਵ ਇੰਗਲੈਂਡ ਵਸਦੇ ਭਾਰਤੀ ਪੈਸੇ ਉੱਤੇ ਜਾਨ ਦੇ ਸੁਕਦੇ ਹਨ । ਪੈਸੇ ਲਈ ਅਣਖ, ਇੱਜ਼ਤ ਦਾ ਲੜ ਵੀ ਹੱਥੋਂ ਛੱਡ ਦਿੰਦੇ ਹਾਂ । ਜ਼ਿੰਦਗੀ ਮਾਨਣ ਦੀ ਥਾਂ ਯਹੂਦੀਆਂ ਵਾਂਗ ਪੈਸਾ ਪੈਸਾ ਜੋੜ ਕੇ ਖ਼ੁਸ਼ ਰਹਿੰਦੇ ਹਾਂ । ਸਾਨੂੰ ਬੈਠਣ ਉੱਠਣ ਦਾ ਸਲੀਕਾ ਨਹੀਂ । ਅਸੀਂ ਅਤੀ ਡਰਪੋਕ ਹਾਂ । ਆਦਿ ।

ਕਿਉਂਕਿ ਭਾਰਤੀ ਬੱਚਿਆਂ ਦੇ ਦਿਲਾਂ ਵਿਚ ਇਸ ਪੈਸੇ ਦੀ ਸਾਡੀ ਕਮਜ਼ੋਰੀ ਦਾ ਅਹਿਸਾਸ ਹੈ (ਜਿਹੜਾ ਵਧੇਰੇ ਭਾਰਤੀ ਬੱਚਿਆਂ ਦੇ ਅੰਗਰੇਜ਼ ਜਮਾਤੀਆਂ ਨੇ ਆਪਣੇ ਮਾਪਿਆਂ ਤੋਂ ਸੁਣ ਸੁਣ ਕੇ ਹੋਰ ਪੱਕਿਆਂ ਕਰ ਦਿਤਾ ਹੈ) ਅਤੇ ਉਹ ਮਾਪਿਆਂ ਦੀ ਇਸੇ ਹੀ ਕਮਜ਼ੋਰੀ ਕਾਰਨ ਆਪਣੇ ਆਪ ਨੂੰ ਆਪਣੇ ਅੰਗਰੇਜ਼ ਜਮਾਤੀਆਂ ਅਤੇ ਅੰਗਰੇਜ਼ ਸਮਾਜ ਵਿਚ ਲੱਜਿਤ ਹੋਇਆ ਮਹਿਸੂਸ ਕਰਦੇ ਹਨ । ਇਹ ਹੀ ਕਾਰਨ ਸੀ ਕਿ ਮੁਰਗੇ ਵਾਲੀ ਅਤੇ ਬੱਸ ਵਿਚਲੀ ਭਾਰਤੀ ਸਕੂਲੀ ਕੁੜੀਆਂ ਵਾਲੀ ਘਟਨਾ ਵਿਚ ਭਾਰਤੀ ਸਕੂਲੀ ਮੁੰਡੇ ਕੁੜੀਆਂ ਨੇ ਆਪਣੇ ਮਾਪਿਆਂ ਦੇ ਹਾਣੀ ਭਾਰਤੀ ਮਰਦਾਂ ਇਸਤਰੀਆਂ ਕੋਲ ਪੈਸੇ ਦੇ ਦ੍ਰਿਸ਼ਟੀਕੋਣ ਤੋਂ ਆਪਣਾ ਪਰੋਟੈਸਟ ਪੇਸ਼ ਕਰ ਦਿਤਾ ਹੈ ।

ਇਨ੍ਹਾਂ ਘਟਨਾਵਾਂ ਵਿਚ ਦੂਜਾ ਮਸਲਾ ਇਨ੍ਹਾਂ ਮਾਪਿਆਂ ਦਾ ਅੰਗਰੇਜ਼ੀ ਭਾਸ਼ਾ ਅਤੇ ਸਭਿਆਚਾਰ ਤੋਂ ਬਿਲਕੁਲ ਕੋਰੇ ਹੋਣ ਨਾਲ ਸੰਬੰਧਤ ਹੈ । ਜੇ ਬੱਸ ਵਾਲੀਆਂ ਤਿੰਨ ਭਾਰਤੀ ਇਸਤਰੀਆਂ, ਘੱਟ ਭਾਨ ਦੇ ਸ਼ੱਕ ਵਾਲੀ ਬੀਬੀ ਅਤੇ ਮੁਰਗੇ ਵਾਲਾ ਪਾਪਾ ਸਾਰੇ ਸੁਹਣੀ ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੁੰਦੇ ਤਾਂ ਇਨ੍ਹਾਂ ਸਮੱਸਿਆਵਾਂ ਦੇ ਬਾਵਜੂਦ ਵੀ ਇਹ ਸੰਬੰਧਕ

ਭਾਰਤੀ ਮੁੰਡੇ ਕੁੜੀਆਂ ਸ਼ਾਇਦ ਇਤਨਾ ਦੁੱਖ ਅਤੇ ਸ਼ਰਮ ਨਾ ਅਨੁਭਵ ਕਰਦੇ।

ਕਿਉਂਕਿ ਇਨ੍ਹਾਂ ਬੱਚਿਆਂ 'ਚੋਂ ਬਹੁਤਿਆਂ ਦਾ ਅਹਿਸਾਸ ਹੈ (ਇਹ ਅਹਿਸਾਸ ਨੂੰ ਡੂੰਘਿਆਂ ਕਰਨ ਵਿਚ ਫਿਰ ਉਨ੍ਹਾਂ ਦੇ ਜਮਾਤੀ ਅੰਗਰੇਜ਼ ਮੁੰਡੇ ਕੁੜੀਆਂ ਨੇ ਆਪਣੇ ਮਾਪਿਆਂ ਤੋਂ ਸੁਣੀਆਂ ਹੋਈਆਂ ਸਾਡੇ ਸੰਬੰਧੀ ਕਥਾਵਾਂ ਦੇ ਆਧਾਰ ਉਪਰ ਬੜਾ ਰੋਲ ਅਦਾ ਕੀਤਾ ਹੈ) ਕਿ ਜੇਕਰ ਅੰਗਰੇਜ਼ ਭਾਰਤੀ ਲੋਕਾਂ ਦਾ ਮੌਜੂ ਉਡਾਉਂਦੇ ਹਨ ਤਾਂ ਇਹਦਾ ਵੱਡਾ ਕਾਰਨ ਅਨਪੜ੍ਹ ਮਾਪਿਆਂ ਦਾ ਅੰਗਰੇਜ਼ੀ ਭਾਸ਼ਾ ਨਾ ਬੋਲ ਸਕਣਾ ਹੈ। ਜ਼ਬਾਨ ਨਾ ਆਉਣ ਕਾਰਨ ਉਹ ਇਹ ਵੀ ਸੋਚਦੇ ਹਨ ਕਿ ਉਨ੍ਹਾਂ ਦੇ ਮਾਪੇ ਅੰਗਰੇਜ਼ੀ ਸਮਾਜ ਨਾਲੋਂ ਵਧੇਰੇ ਟੁੱਟੇ ਰਹਿਣ ਕਾਰਨ ਆਪਣੀ ਉਲਾਦ ਦੀਆਂ ਔਕੜਾਂ ਨਹੀਂ ਸਮਝ ਸਕਦੇ। ਕਿਸੇ ਹੱਦ ਤੀਕ ਇਹ ਠੀਕ ਵੀ ਹੈ। ਅੰਗਰੇਜ਼ੀ ਸਭਿਆਚਾਰ ਨਾਲੋਂ ਤਾਂ ਭਾਰਤ ਵਿਚੋਂ ਪੜ੍ਹ ਕੇ ਆਏ ਲੋਕ ਵੀ ਟੁੱਟੇ ਹੋਏ ਹਨ ਜੋ ਅੰਗਰੇਜ਼ੀ ਭਾਸ਼ਾ ਬੜੀ ਚੰਗੀ ਤਰ੍ਹਾਂ ਬੋਲਦੇ ਅਤੇ ਸਮਝਦੇ ਹਨ। ਦੋਵਾਂ ਸਭਿਆਚਾਰਾਂ ਵਿਚਕਾਰ ਡੂੰਘੇ ਸਮੁੰਦਰ ਜਿੰਨਾ ਪਾੜਾ ਹੈ। ਇਹ ਕੇਵਲ ਅੰਗਰੇਜ਼ੀ ਭਾਸ਼ਾ ਦੀ ਅਗਿਆਨਤਾ ਕਾਰਨ ਹੀ ਨਹੀਂ ਪੈਦਾ ਹੋਇਆ ਇਸ ਦੇ ਕਈ ਇਤਿਹਾਸਕ ਕਾਰਨ ਹਨ। ਇਹ ਧੌਲੇ ਕਾਲੇ ਰੰਗਾਂ ਦੇ ਅਧਾਰ ਉੱਤੇ ਹੋ ਰਹੇ ਵਿਤਕਰੇ ਦੇ ਪਿਛੋਕੜ ਵਿਚ ਚਲ ਰਹੀ ਰਾਜਸੀ ਚਲਾਕੀ ਨੂੰ ਨਹੀਂ ਸਮਝਦੇ। ਉਹ ਸਮਝਦੇ ਹਨ ਕਿ ਜੇ ਉਨ੍ਹਾਂ ਦੇ ਮਾਪੇ ਗੜਗੜ ਅੰਗਰੇਜ਼ੀ ਬੋਲਦੇ ਹੁੰਦੇ ਤਾਂ ਸ਼ਾਇਦ ਨਸਲੀ ਵਿਤਕਰਾ ਕਦੀ ਹੁੰਦਾ ਹੀ ਨਾ। ਇਸ ਦੀ ਸੋਝੀ ਉਨ੍ਹਾਂ ਬੱਚਿਆਂ ਨੂੰ ਉਸ ਸਮੇਂ ਹੁੰਦੀ ਹੈ ਜਦੋਂ ਇੰਗਲੈਂਡ ਦੇ ਅੰਗਰੇਜ਼ੀ ਮੁੰਡੇ ਕੁੜੀਆਂ ਨਾਲ ਉਹ ਪੜ੍ਹ ਲਿਖ ਕੇ ਅਤੇ ਅੰਗਰੇਜ਼ੀ ਸਭਿਆਚਾਰ ਤੋਂ ਪੂਰੇ ਜਾਣੂ ਹੋਣ ਦੇ ਬਾਵਜੂਦ ਵੀ ਨੌਕਰੀ ਲੈਣ ਸਮੇਂ ਕੇਵਲ ਬਿਸਕੁਟੀ ਜਾਂ ਹਮੇਂਤੋਏ ਰੰਗ ਕਾਰਨ ਪਿੱਛੇ ਧੱਕ ਦਿਤੇ ਜਾਂਦੇ ਹਨ।

ਸਾਮਰਾਜੀ ਰਾਜ ਪ੍ਰਬੰਧ ਦੀਆਂ ਜੱਟਲ ਨੀਤੀਆਂ ਨੂੰ ਨਾ ਸਮਝ ਸਕਣ ਕਾਰਨ ਇਹ ਭਾਰਤੀ ਬੱਚੇ ਅਮਰੀਕਾ ਵਿਚਲੇ ਤਾੜ ਤਾੜ ਅੰਗਰੇਜ਼ੀ ਬੋਲਦੇ, ਈਸਾਈ ਧਰਮ ਦੇ ਧਾਰਨੀ ਅਤੇ ਅਮਰੀਕੀ ਸਭਿਆਚਾਰ ਨਾਲ ਘਿਉਖਿਚੜੀ ਹੋਏ ਨੀਗਰੋਆਂ ਦਾ ਦ੍ਰਿਸ਼ਟਾਂਤ ਭੁੱਲ ਜਾਂਦੇ ਹਨ। ਕੇਵਲ ਭਾਰਤੀ ਬੱਚੇ ਹੀ ਨਹੀਂ ਸਗੋਂ ਬਹੁਤ ਸਿਆਣੇ ਬਿਆਣੇ ਭਾਰਤੀ ਨੀਗਰੋਆਂ ਨੂੰ ਆਪਣੇ ਨਾਲੋਂ ਘੱਟ ਸਭਿਅਕ ਸਮਝਦੇ ਹਨ ਇਸ ਲਈ ਉਨ੍ਹਾਂ ਨਾਲ ਹਮਦਰਦੀ ਕੁਦਰਤੀ ਤੌਰ ਉੱਤੇ ਘੱਟ ਜਾਂਦੀ ਹੈ।

ਤੀਜਾ ਮਸਲਾ ਇਨ੍ਹਾਂ ਘਟਨਾਵਾਂ ਵਿਚ ਮਾਪਿਆਂ ਦੇ ਸਮਾਜਕ-ਵਿਵਹਾਰ ਅਤੇ ਬੋਲਚਾਲ ਦੇ ਤੌਰ ਤਰੀਕਿਆਂ ਨਾਲ ਸਬੰਧਤ ਹੈ। ਮੁਰਗੀ ਵਾਲੇ ਬਾਬੇ ਦੇ ਪੋਤੇ ਦੇ ਮਨ ਉਤੇ ਇਸ ਗੱਲ ਦਾ ਅਹਿਸਾਸ ਪਲ ਪਲ ਭਾਰੀ ਹੋ ਰਿਹਾ ਸੀ ਕਿ ਅਣਗਿਣਤ ਅੰਗਰੇਜ਼ਾਂ ਦੇ ਸਾਹਮਣੇ, ਬਿਨਾਂ ਕਿਸੇ ਸਬੂਤ ਦੇ ਉਸ ਦਾ ਬਾਬਾ ਦੁਕਾਨਦਾਰ ਨੂੰ ਬੇਈਮਾਨ ਸਾਬਤ ਕਰਨ ਦਾ ਅਸਫ਼ਲ ਯਤਨ ਕਰ ਰਿਹਾ ਸੀ। ਦੂਜਾ ਹੋਰ ਗਾਹਕਾਂ ਦੀ ਵਾਰੀ ਨੂੰ ਰੋਕਦਾ ਬਾਬਾ ਇਕਬੇ ਵਾਲਾ ਬੋਹੜ ਬਣਿਆ ਖੜਾ ਸੀ। ਤੀਜਾ ਮਸਲਾ ਪੈਸੇ ਨਾਲ ਸਬੰਧਤ ਸੀ ਜਿਸ ਲਈ ਭਾਰਤੀ ਅਗੇ ਹੀ ਬਦਨਾਮ ਹਨ। ਸੋ ਇਹ ਸਭ ਕੁਝ ਬਾਬੇ ਦੇ ਪੋਤੇ ਨੂੰ ਅੰਗਰੇਜ਼ੀ ਸਮਾਜਕ ਵਿਵਹਾਰ ਅਨੁਸਾਰ ਬੜਾ ਬੁਰਾ ਲਗ ਰਿਹਾ ਸੀ ਅਤੇ ਉਤੇ ਉਸ ਨੇ ਉਥੋਂ ਚਿੱਤੜਾਂ ਨੂੰ ਅੱਡੀਆਂ ਲਾ ਕੇ ਆਪਣਾ ਪਰੋਟੈੱਸਟ ਬਾਬੇ ਦੀ ਕਚਹਿਰੀ ਵਿਚ ਦਰਜ ਕਰਵਾ ਦਿਤਾ।

ਭਾਰਤੀ ਬੀਬੀਆਂ ਦਾ ਬੱਸ ਵਿਚ ਟੈਕਸ ਸਬੰਧੀ ਸ਼ੰਕਾ ਨਿਵਾਰਨ ਦਾ ਸਮਾਜਕ ਵਿਵਹਾਰ ਉਹਨਾਂ ਭਾਰਤੀ ਸਕੂਲੀ ਕੁੜੀਆਂ ਨੂੰ ਚੰਗਾ ਨਹੀਂ ਲੱਗਿਆ, ਨਾਲੇ ਜਦੋਂ ਮਸਲਾ ਪੈਸੇ ਨਾਲ ਸਬੰਧਤ ਹੋਵੇ। ਅਸਲ ਵਿਚ ਇਹ ਗੱਲ ਨਹੀਂ ਸੀ ਕਿ ਸੱਚੀਂ ਮੁੱਚੀਂ ਉਨ੍ਹਾਂ ਕੁੜੀਆਂ ਨੂੰ ਟੈੱਕਸ ਵਾਲੀ ਪਰਚੀ ਨਹੀਂ ਸੀ ਪੜ੍ਹਨੀ ਆਉਂਦੀ। ਅਸਲ ਵਿਚ ਉਹ ਇੰਜ ਨਾ ਉੱਤਰ ਦੇ ਕੇ ਜਿਥੇ ਇਨ੍ਹਾਂ ਤਿੰਨ ਬੀਬੀਆਂ ਦੀ ਬੱਸ ਵਿਚ ਪੈਂਦੀ ਲੁੱਡੀ ਦੀ ਨਿੰਦਿਆ ਕਰਨੀ ਚਾਹੁੰਦੀਆਂ ਸਨ ਉਥੇ ਉਹ ਆਪ ਬੱਸ ਵਿਚ ਇਹ ਮੁਨੀਮੀ ਦਾ ਕੰਮ ਆਰੰਭ ਕਰਕੇ ਦੂਜੇ ਅੰਗਰੇਜ਼ ਮੁਸਾਫ਼ਿਰਾਂ ਦੀਆਂ ਨਜ਼ਰਾਂ ਵਿਚ ਭੈੜਾ ਨਹੀਂ ਸਨ ਬਣਨਾ ਚਾਹੁੰਦੀਆਂ। ਜਾਂ ਕਹੋ ਇਹ ਗੱਲ ਉਨ੍ਹਾਂ ਲਈ ਅੰਗਰੇਜ਼ੀ ਸਮਾਜਕ ਵਿਵਹਾਰ ਦੇ ਅਨਕੂਲ ਨਹੀਂ ਸੀ। ਹੋ ਸਕਦਾ ਹੈ ਕੁੜੀਆਂ ਦਾ ਇਹ ਵੀ ਵਿਚਾਰ ਹੋਵੇ ਕਿ ਇਹ ਤਿੰਨ ਅਨਪੜ੍ਹ ਜ਼ਨਾਨੀਆਂ ਉਨ੍ਹਾਂ ਕੁੜੀਆਂ ਵਲੋਂ ਪਰਾਪਤ ਕੀਤੀ ਜਾ ਰਹੀ ਵਿੱਦਿਆ ਨਾਲ ਸਾਂਝਾ ਕਰਦੀਆਂ ਹਨ। ਉਹ ਇਸਤਰੀਆਂ ਇਸ ਸਾਂਝ ਨੂੰ ਭਮੂਕਾ ਬਣਾਉਣ ਲਈ ਧੂੰਆਂ ਫੱਕ ਕੇ ਕਮਾਏ ਪੌਂਡਾਂ ਦਾ ਸਹਾਰਾ ਲੈਂਦੀਆਂ ਹੋਣ। ਫਿਰ ਕੁੜੀਆਂ ਨੇ ਸਾਫ਼ ਨਾਂਹ ਕਰਕੇ ਬੀਬੀਆਂ ਦੇ ਗਰਬ ਦੇ ਭੁਕਾਨਿਆਂ ਵਿਚੋਂ ਫੂਕ ਕਢ ਦਿਤੀ ਹੋਵੇ।

ਇਹ ਤਿੰਨੇ ਬੀਬੀਆਂ, ਬੱਸ ਵਾਲੀ ਇਸਤਰੀ, ਮੁਰਗੇ ਵਾਲਾ ਬਾਬਾ, ਉਹ ਦੋ ਸਕੂਲੀ ਕੁੜੀਆਂ ਅਤੇ ਇਹ ਬਾਬੇ ਦਾ ਸਕੂਲੀ ਪੋਤਾ ਸਭ ਬੁਨਿਆਦੀ ਤੌਰ ਉਤੇ ਪੰਜਾਬੀ ਹਨ। ਪਰੰਤੂ ਇਨ੍ਹਾਂ ਸਭ ਦੀਆਂ ਉਮਰਾਂ ਦੇ ਆਧਾਰ ਅਤੇ ਸਮਾਜਕ ਪਿਛਵਾੜੇ ਵਿਚ ਹੋਈ ਪਾਲਣਾ ਪੋਸਨਾ ਨੂੰ ਮੁੱਖ ਰਖਦਿਆਂ ਜੇ ਤੁਲਨਾ ਕਰੀਏ ਤਾਂ ਇਨ੍ਹਾਂ ਦੇ ਦ੍ਰਿਸ਼ਟੀ-ਕੋਨਾਂ ਵਿਚ ਜ਼ਮੀਨ ਆਸਮਾਨ ਦਾ ਅੰਤਰ ਹੈ। ਇਹ ਹੀ ਅੰਤਰ ਅੱਜ ਇੰਗਲੈਂਡ ਵਿਚ ਰਹਿੰਦੇ ਭਾਰਤੀ ਮਾਪਿਆ ਅਤੇ ਉਨ੍ਹਾ ਦੇ ਬੱਚਿਆ ਵਿਚਕਾਰ ਅ-ਟੱਪ ਖ਼ਲੀਜ ਬਣਦਾ ਜਾ ਰਿਹਾ ਹੈ। ਹੋ ਸਕਦਾ ਹੈ ਉਹ ਬੱਸ ਵਾਲੀਆਂ ਬੀਬੀਆਂ ਦੀਆਂ ਇਨ੍ਹਾਂ ਸਕੂਲੀ ਕੁੜੀਆਂ ਵਰਗੀਆਂ ਧੀਆਂ ਵੀ ਹੋਣ ਅਤੇ ਫਿਰ ਇਸ ਦ੍ਰਿਸ਼ਟੀਕੋਨ ਦੇ ਪਾੜੇ ਨਾਲ ਉਨ੍ਹਾਂ ਧੀਆਂ ਦੇ ਦਿਲਾਂ ਉਪਰ ਕੀ ਗੁਜ਼ਰਦੀ ਹੋਵੇਗੀ? ਸਾਫ਼ ਜ਼ਾਹਰ ਹੈ ਅਜਿਹੀਆਂ ਅਨਪੜ੍ਹ ਮਾਵਾਂ ਇਕ ਵਾਰ ਸਕੂਲੋਂ ਪਰਤ ਆਉਣ ਮਗਰੋਂ ਆਪਣੀਆਂ ਧੀਆਂ ਨੂੰ ਸਕੂਲੋਂ ਬਾਹਰ ਹੋਣ ਵਾਲੇ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦੀ ਘਟ ਹੀ ਆਗਿਆ ਦਿੰਦੀਆਂ ਹੋਣਗੀਆਂ।

ਜਦੋਂ ਕਿ ਇਥੋਂ ਦੀ ਅੱਧਿਉਂ ਵਧ ਵਿੱਦਿਆ ਸਕੂਲ ਵਿਚ ਸਕੂਲਾਂ ਕਾਲਜਾਂ ਦੇ ਪੱਕਵੇਂ ਘੰਟਿਆਂ ਤੋਂ ਬਾਹਰ ਵਿਦਿਆਰਥੀ ਕਲੱਬਾਂ, ਖੇਡਾਂ ਦੇ ਮੈਦਾਨਾਂ ਅਤੇ ਹੋਰ ਅਨੇਕਾਂ ਪਰਕਾਰ ਦੇ ਮਨਪਰਚਾਵਿਆਂ ਦੀਆਂ ਸੰਸਥਾਵਾਂ ਵਿਚ ਪਰਾਪਤ ਕੀਤੀ ਜਾਂਦੀ ਹੈ। ਇੰਜ ਬੱਚੇ ਆਪਣੀ ਅਣਮਿਥੀ ਅਤੇ ਅਣਵਰਤੀ ਸ਼ਕਤੀ ਦੀ ਉਸਾਰੂ ਕੰਮਾਂ ਲਈ ਵਰਤੋਂ ਕਰਕੇ ਆਪਣੇ ਸਰੀਰ ਅਤੇ ਆਤਮਾ ਨੂੰ ਵੀ ਸ਼ਕਤੀ-ਸ਼ਾਲੀ ਬਣਾਉਂਦੇ ਹਨ। ਪਰੰਤੂ ਭਾਰਤੀ ਕੁੜੀਆਂ ਸਕੂਲੋਂ

ਆਉਣ ਮਗਰੋਂ ਘਰ ਵਿਚ ਹੀ ਰੋਟੀ ਪਾਣੀ ਜਾਂ ਛੋਟੇ ਭੈਣ ਭਰਾਵਾਂ ਦੀ ਦੇਖਭਾਲ ਵਿਚ ਰੁੱਝ ਜਾਂਦੀਆਂ ਹਨ ਕਿਉਂਕਿ ਮਾਂ ਬਾਪ ਹਾਲੀਂ ਫ਼ੈਕਟਰੀਆਂ ਵਿਚ ਹੀ ਓਵਰਟਾਈਮ ਲਾ ਰਹੇ ਹੁੰਦੇ ਹਨ। ਘਰ ਵਿਚ ਸਹਾਇਤਾ ਕਰਨੀ ਕੋਈ ਮਾੜੀ ਗੱਲ ਨਹੀਂ ਬਸ਼ਰਤਿ ਕਿ ਇਨ੍ਹਾਂ ਬੱਚਿਆਂ ਦੀ ਆਪਣੀ ਜਜ਼ਬਾਤੀ ਅਤੇ ਮਾਨਸਿਕ ਤ੍ਰਿਪਤੀ ਦੀ ਪੂਰਤੀ ਵੀ ਹੁੰਦੀ ਰਹੇ। ਜੇ ਬੱਚੇ ਇਹ ਘਰੇਲੂ ਜ਼ਿਮੇਵਾਰੀ ਕਿਸੇ ਬੋਝ ਥਲੇ ਨਿਭਾਉਂਦੇ ਹਨ ਅਤੇ ਉਨ੍ਹਾਂ ਦੀ ਮਾਨਸਿਕ ਅਵਸਥਾ ਵਿਚ ਕਿਸੇ ਪਾਸਿਉਂ ਕੋਈ ਵਿੱਥ ਪੈਣ ਦਾ ਖ਼ਤਰਾ ਹੈ ਤਾਂ ਫਿਰ ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੇ ਸੰਤੁਲਤ ਜੀਵਨ ਦੀ ਪਰਾਪਤੀ ਲਈ ਯੋਗ ਮਾਹੌਲ ਅਤੇ ਉਸਾਰੂ ਸੰਵਧਾਵਾਂ ਪੈਦਾ ਕਰਨ ਦਾ ਉਪਰਾਲਾ ਕਰਨ।

ਪਰ ਹਾਲ ਦੀ ਘੜੀ ਭਾਰਤੀ ਮੁੰਡੇ ਕੁੜੀਆਂ ਨੂੰ ਆਪਸ ਵਿਚ ਮਿਲ ਬੈਠਣ ਜਾਂ ਹੋਰ ਉਸਾਰੂ ਕੰਮਾਂ ਵਿਚ ਭਾਗ ਲੈਣ ਦਾ ਬੜਾ ਘਟ ਅਵਸਰ ਮਿਲਦਾ ਹੈ। ਇਹਦਾ ਵੱਡਾ ਕਾਰਨ ਇਹਨਾਂ ਬੱਚਿਆਂ ਦੇ ਮਾਪਿਆਂ ਦਾ ਸਮਾਜਕ ਨਜ਼ਰੀਆ ਹੈ। ਉਨ੍ਹਾਂ ਦੀ ਸੋਚ ਹਾਲੀਂ ਵੀ ਜਾਗੀਰਦਾਰੀ ਸਮਾਜ ਵਿਚਲੇ ਪਿੰਡ ਭਦੌੜ ਦੇ ਸਰਦਾਰਾਂ ਵਾਲੀ ਹੀ ਹੈ। ਜਦੋਂ ਕਿ ਬੱਚੇ ਨਾ ਹੀ ਭਦੌੜ ਨੂੰ ਜਾਣਦੇ ਹਨ ਅਤੇ ਨਾ ਹੀ ਉਨ੍ਹਾਂ ਸਾਹਮਣੇ ਸਰਦਾਰਾਂ ਦਾ ਕੋਈ ਸਕਲਪ ਹੈ।

ਨਤੀਜਾ ਇਹ ਨਿਕਲ ਰਿਹਾ ਹੈ ਕਿ ਚੁੱਪ ਚੁਪਾਤੀ ਇਕ ਚਿੰਗਾੜੀ ਮੁੰਡੇ ਕੁੜੀਆਂ ਦੇ ਸੀਨਿਆਂ ਵਿਚ ਧੁੱਖ ਰਹੀ ਹੈ ਅਤੇ ਅਗਲੇ ਹੀ ਕੁਝ ਵਰ੍ਹਿਆਂ ਵਿਚ ਅਜਿਹਾ ਲਾਂਬੂ ਹੋ ਨਿਬੜੇਗੀ ਜਿਸ ਵਿਚ ਕਈ ਭਦੌੜ ਦੇ ਸਰਦਾਰ ਝੁਲਸੇ ਜਾਣਗੇ।

ਮਾਨਸਿਕ ਪਾਬੰਦੀਆਂ ਕਾਰਨ ਇਨ੍ਹਾਂ ਭਾਰਤੀ ਬੱਚਿਆਂ ਦੇ ਅੰਦਰ ਇਕ ਦੱਬੀ ਹੋਈ, ਭੁੱਖੀ ਅਤੇ ਲਿੱਸੀ ਜਿਹੀ ਰੂਹ ਸਦਾ ਤੜਫਦੀ ਕਲਪਦੀ ਰਹਿੰਦੀ ਹੈ। ਜੋ ਮੌਕਾ ਮਿਲਣ ਉਤੇ ਬੜੇ ਹੀ ਅਸਾਵੇਂ ਢੰਗ ਨਾਲ ਪ੍ਰਗਟਾਅ ਕਰਦੀ ਹੈ। ਨੱਕੇ ਮਾਰ ਕੇ ਡੱਕਿਆ ਜਵਾਨੀ ਦਾ ਅਥਾਹ ਸਾਗਰ ਕੋਈ ਨਾ ਕੋਈ ਬੰਨਾ ਭੰਨ ਹੀ ਲੈਂਦਾ ਹੈ। ਫਿਰ ਅਜਿਹੇ ਅਣਸੋਧੇ ਅਤੇ ਬੇਕਾਬੂ ਹੜ੍ਹ ਵਿਚ ਕਿੰਨਾ ਕੁਝ ਹੀ ਚੰਗਾ ਮੰਦਾ ਰੁੜ੍ਹ ਜਾਂਦਾ ਹੈ।

ਪਿਛਲੇ ਸਨਿੱਚਰਵਾਰ ਮੈਂ ਆਪਣੀ ਸਥਾਨਕ ਲਾਇ-ਬਰੇਰੀ ਵਿਚ ਬੈਠਾ ਪੜ੍ਹ ਰਿਹਾ ਸਾਂ। ਥੋੜੇ ਥੋੜੇ ਸਮੇਂ ਮਗਰੋਂ ਦੋ ਦੋ ਦੀਆਂ ਜੋਟੀਆਂ ਵਿਚ ਕੋਈ ਦਸ ਬਾਰਾਂ ਭਾਰਤੀ ਵਿਦਿਆਰਥੀ ਮੁੰਡੇ ਉਥੇ ਆ ਟਪਕੇ। ਹਾਲੀਂ ਮਸਾਂ ਦੱਸ ਮਿੰਟ ਵੀ ਨਹੀਂ ਮਨ ਹੋਏ ਕਿ ਇੰਜ ਹੀ ਦੋ ਦੋ ਦੀਆਂ ਡਾਰਾਂ ਵਿਚ ਦਸ ਬਾਰਾਂ ਭਾਰਤੀ ਸਕੂਲੀ ਕੁੜੀਆਂ ਵੀ ਲਾਇਬਰੇਰੀ ਪੁਜ ਗਈਆਂ। ਮੈਂ ਇਨ੍ਹਾਂ ਭਾਰਤੀ ਮੁੰਡਿਆਂ ਦੇ ਪੜ੍ਹਨ ਪੜ੍ਹਾਉਣ ਦੇ ਸ਼ਕ ਦੀ ਪ੍ਰਸੰਸਾ ਮਨ ਹੀ ਮਨ ਵਿਚ ਕਰਕੇ ਬੜਾ ਖ਼ੁਸ਼ ਹੋ ਰਿਹਾ ਸਾਂ। ਪਰੰਤੂ ਉਨ੍ਹਾਂ ਦੇ ਪੜ੍ਹਾਈ ਦੇ ਸ਼ੌਕ ਦਾ ਅਸਲੀ ਪਤਾ ਉਦੋਂ ਲਗਿਆ ਜਦੋਂ ਕਿਤਾਬ ਬਦਲਣ ਲਈ ਮੈਂ ਅੰਦਰ ਗਿਆ। ਸਾਰੇ ਮੁੰਡੇ ਕੁੜੀਆਂ ਜੋ ਘਰੋਂ ਲਾਇਬਰੇਰੀ ਵਿਚੋਂ ਕਿਤਾਬਾਂ ਲੈਣ ਦੇ ਪੱਜ ਪੁਜੇ ਹੋਏ ਸਨ ਦੋ ਦੋ ਦੀਆਂ ਜੋਟੀਆ ਬਣਾਈ ਛੱਜ ਦਾ ਉਹਲਾ ਕਰਕੇ ਇਕ ਦੂਜੇ ਨੂੰ ਚੁੰਮਣ ਵਿਚ ਗੜੂੰਦ ਹੋਏ ਪਏ ਸਨ। ਜੋ ਉਨ੍ਹਾਂ ਦੇ ਹਾਣੀ ਅੰਗਰੇਜ਼ ਮੁੰਡੇ ਕੁੜੀਆਂ ਬੱਸਾਂ ਦੇ ਅੱਡਿਆਂ, ਪਾਰਕਾਂ ਅਤੇ ਭਰੇ ਬਾਜ਼ਾਰਾਂ ਵਿਚ ਕਰਦੇ ਹਨ ਇਹ ਭਾਰਤੀ ਮੁੰਡੇ ਕੁੜੀਆਂ ਮੋਹਰੇ ਪੁਟ ਕੇ ਕਰਦੇ ਹਨ। ਸੋ ਪੰਜ ਸੱਤ ਮਿੰਟ ਦੇ ਇਸ ਚੁੰਮ ਚਮਾਟੇ ਦੇ ਸੈਸ਼ਨ ਮਗਰੋਂ ਉਹ ਕਿਨਾਂ ਕਿਸੇ ਪੁਸਤਕ ਦੀ ਗਰਦ ਝਾੜਿਆਂ ਜਿਵੇਂ ਆਏ ਸਨ ਉਵੇਂ ਹੀ ਇਕ ਦੂਜੇ ਮਗਰ ਲਾਇਬਰੇਰੀ ਤੋਂ ਬਾਹਰ ਚਲੇ ਗਏ।

ਉਹਨਾਂ ਲਾਇਬਰੇਰੀ ਨੂੰ ਕਪਾਹ ਅਤੇ ਕਮਾਦੀ ਵਰਗਾ ਉਹਲਾ ਸਮਝ ਕੇ ਆਪਣੀ ਜਜ਼ਬਾਤੀ ਭੁੱਖ ਨੂੰ ਝੁਲਕਾ ਦੇ ਲਿਆ। ਜੇ ਇਹ ਹੀ ਆਜ਼ਾਦੀ ਉਨ੍ਹਾਂ ਨੂੰ ਕਿਤੇ ਬਾਹਰ ਹੀ ਮਿਲ ਸਕਣ ਵਿਚ ਕੋਈ ਵਿਸ਼ੇਸ਼ ਔਕੜ ਦਾ ਟਾਕਰਾ ਨਾ ਕਰਨਾ ਪੈਂਦਾ ਤਾਂ ਫਿਰ ਉਹ ਲਾਇਬਰੇਰੀ ਨੂੰ ਗਿਆਨ ਦਾ ਸੋਮਾਂ ਸਮਝ ਕੇ ਸ਼ਾਇਦ ਕੋਈ ਕੜੀ ਕਿਤਾਬ ਉਤੇ ਝਾਤੀ ਮਾਰ ਹੀ ਲੈਂਦੇ। ਉਂਜ ਵੀ ਇਸ ਉਮਰ ਵਿਚ ਕਿਤਾਬੀ ਗਿਆਨ ਨਾਲੋਂ ਅੱਖਾਂ ਅਤੇ ਦਿਲ ਰਾਹੀਂ ਪੜ੍ਹੇ ਸਬਕ ਵਧੇਰੇ ਸੰਤੁਸ਼ਟਤਾ ਦਿੰਦੇ ਹਨ।

ਇਸ ਤਰ੍ਹਾਂ ਹੀ ਇੰਗਲੈਂਡ ਦੀਆਂ ਸਾਡੀਆਂ ਧਾਰਮਕ ਸੰਸਥਾਵਾਂ ਵਿਚ ਅਤੇ ਤਿਉਹਾਰ ਉਪਰ ਹੁੰਦੇ ਇਕੱਠ ਇਨ੍ਹਾਂ ਅਤ੍ਰਿਪਤ ਮੁੰਡੇ ਕੁੜੀਆਂ ਦੀਆਂ ਮਿਲਣੀਆਂ ਲਈ ਬੜੇ ਸਹਾਈ ਹੁੰਦੇ ਹਨ। ਕੀਰਤਨੀਆਂ ਵਲੋਂ ਗਾਏ ਜਾ ਰਹੇ ਸ਼ਬਦ,

"ਜਿਨਿ ਪ੍ਰੇਮ ਕੀਉ ਤਿਨਿ ਹੀ ਪ੍ਰਭਿ ਪਾਇਉ ॥"

ਦੀ ਹੇਕ ਨਾਲ ਇਹ ਮੁੰਡੇ ਕੁੜੀਆਂ ਵੀ ਅੱਖਾਂ ਰਾਹੀਂ ਇਸ ਦੀ ਪੁਸ਼ਟੀ ਕਰਨ ਤੀਕ ਜਾਂਦੇ ਹਨ।

ਮੇਰੀਆਂ ਉਪਰ ਵਰਨਣ ਕੀਤੀਆਂ ਘਟਨਾਵਾਂ ਦਾ ਵਧੇਰੇ ਕਰ ਕੈ ਸਬੰਧ ਇਥੋਂ ਦੇ ਅਨਪੜ੍ਹ ਮਾਪਿਆਂ ਨਾਲ ਸੀ। ਪਰ ਇਸ ਤੋਂ ਇਹ ਸਿੱਟਾ ਨਹੀਂ ਕੱਢ ਲੈਣਾ ਚਾਹੀਦਾ ਕਿ ਸਾਡੇ ਪੜ੍ਹੇ ਲਿਖੇ ਜਾਂ ਅਧਪੜ੍ਹੇ, ਮਾਪੇ ਆਪਣੇ ਬੱਚਿਆਂ ਦੀਆਂ ਜਜ਼ਬਾਤੀ ਲੋੜਾਂ ਦੇ ਅਨੁਕੂਲ ਢਲ ਚੁਕੇ ਹਨ। ਉਨ੍ਹਾਂ ਦਾ ਸਗੋਂ ਅੰਗਰੇਜ਼ੀ ਸਭਿਆਚਾਰ ਸਬੰਧੀ ਕੱਚਾ ਪੱਕਾ ਅਤੇ ਵਧੇਰੇ ਨਾਂਹਪੱਖੀ ਪੇਤਲਾ ਗਿਆਨ ਹੋਣ ਕਾਰਨ ਕੁਝ ਇਕ ਸ਼ਕਲਾਂ ਵਿਚ ਆਪਣੇ ਬੱਚਿਆਂ ਸਬੰਧੀ ਨਜ਼ਰੀਆ ਅਣਪੜ੍ਹ ਮਾਪਿਆਂ ਨਾਲੋਂ ਵੀ ਵਧੇਰੇ ਘਟੀਆ ਹੈ। ਸਰਮਾਏ-ਦਾਰ ਪ੍ਰਬੰਧ ਵਿਚ ਵਿਅੱਕਤੀ ਦੀਆਂ ਸੀਮਤ ਸਫ਼ਲਤਾਵਾਂ ਦੇ ਬਾਵਜੂਦ ਵੀ ਉਹ ਪੂਰੀਆਂ ਨਾ ਹੋ ਸਕਣ ਵਾਲੀਆਂ ਆਸਾਂ ਆਪਣੇ ਬੱਚਿਆਂ ਉਪਰ ਲਾਈ ਬੈਠੇ ਹਨ। ਇਨ੍ਹਾਂ ਬੱਚਿਆਂ ਦੀ ਲੋੜੀਂਦੀ ਜਜ਼ਬਾਤੀ ਆਜ਼ਾਦੀ ਦੀ ਮੰਗ ਨੂੰ ਪੱਛਮੀ ਸਭਿਅਤਾ ਦੇ ਕਦਰਮੁਲਿਆਂ ਨਾਲ ਗ਼ਲਤ ਸਾਬਤ ਕਰਨ ਦਾ ਯਤਨ ਕਰਦੇ ਹਨ। ਹੇਠ ਲਿਖੀ ਘਟਨਾ ਮੇਰੇ ਇਸ ਵਿਚਾਰ ਨੂੰ ਸ਼ਾਇਦ ਹੋਰ ਵਖਿਆਉਣ ਵਿਚ ਸਹਾਇਤਾ ਕਰੇਗੀ। ਪੰਜਾਬ ਦੇ ਕਿਸੇ ਆਰੀਆ ਹਾਈ ਸਕੂਲ ਵਿਚ ਰਹਿ ਚੁਕੇ ਹੈੱਡਮਾਸਟਰ ਕ੍ਰਿਸ਼ਨ ਲਾਲ ਨੇ ਆਪਣੇ ਗ੍ਰਾਮਰ ਹਾਈ ਸਕੂਲ ਵਿਚ ਪੜ੍ਹਦੇ ੧੫ ਸਾਲਾਂ ਦੇ ਮੁੰਡੇ ਦੇ ਧੱਕੇ ਨਾਲ ਇਸ ਲਈ ਘਰ ਵਿਚ ਵਾਲ ਕੱਟ ਦਿਤੇ ਕਿ ਉਸ ਦੇ ਖ਼ਿਆਲ ਵਿਚ ਇਤਨੇ ਲੰਬੇ ਵਾਲਾਂ ਵਾਲੇ ਸਾਡੇ ਬੱਚੇ ਉਨ੍ਹਾਂ ਅੰਗਰੇਜ਼ ਬੱਚਿਆਂ ਦੀ ਨਕਲ ਕਰਦੇ ਹਨ ਜਿਹੜੇ ਮਾਂ ਬਾਪ ਦੇ ਆਗਿਆਕਾਰ ਨਹੀਂ ਹੁੰਦੇ। ਪੜ੍ਹਾਈ ਵਿਚ ਬੁੱਧੂ, ਜੀਵਨ ਵਿਚ ਡਾਕਟਰ ਜਾਂ ਇੰਜੀਨੀਅਰ ਬਣ ਸਕਣ ਦੀ ਸੱਧਰ ਤੋਂ ਕੋਰੇ, ਨਸ਼ੀਲੀਆਂ ਵਸਤਾਂ ਦਾ ਸੇਵਨ ਕਰਨ ਵਾਲੇ ਅਤੇ ਦਿਨ ਰਾਤ ਹਾਣ ਦੀਆਂ ਕੁੜੀਆਂ ਮਗਰ ਮੌਜੇ ਹੱਥ ਵਿਚ ਫੜ ਕੇ ਦੁੜਕੀ ਫਿਰਨ ਵਾਲੇ ਹੁੰਦੇ ਹਨ। ਹੈੱਡਮਾਸਟਰ ਸਾਹਿਬ ਅਨੁਸਾਰ ਇਹ ਸਭ ਕੁਝ ਭਾਰਤੀ ਸੰਸਕ੍ਰਿਤੀ ਦੇ ਵਿਰੁਧ ਹੈ। ਆਪ ਭਾਵੇਂ ਜਵਾਨੀ ਸਮੇਂ ਦੁਪਹਿਰੇ ਵੀ ਨਾ ਕਿਸੇ ਨੂੰ ਰਜ ਨਾਲ ਸੌਣ ਦਿੰਦਾ ਹੋਵੇ।

ਇਸ ਤਰ੍ਹਾਂ ਧੱਕੇ ਨਾਲ ਵਾਲ ਕੱਟੇ ਜਾਣ ਮਗਰੋਂ ਉਸ ਦਾ ਲੜਕਾ ਰਮੇਸ਼ ਹਫ਼ਤਾ ਭਰ ਸਕੂਲ ਨਹੀਂ ਗਿਆ। ਜਦੋਂ ਸਕੂਲ ਪਰਤਿਆ ਤਾਂ ਹਾਣੀ ਮੁੰਡੇ ਕੁੜੀਆਂ ਦੀਆਂ ਚਹੇੜਾਂ ਤੋਂ ਡਰਦਾ ਗੁੱਜਰਾਂ ਦੇ ਕੁੱਜੇ ਵਰਗਾ ਸਿਰ ਭੇੜੂ ਕੋਟ ਤੋਂ ਬਾਹਰ ਹੀ ਨਾ ਕੱਢੇ। ਹੈੱਡਮਾਸਟਰ ਕ੍ਰਿਸ਼ਨ ਲਾਲ ਰਮੇਸ਼ ਦੇ ਵਾਲ ਕੱਟ ਕੇ ਸ਼ਾਇਦ ਇਸ ਗੱਲ ਨਾਲ ਸੰਤੁਸ਼ਟ ਸੀ ਕਿ ਹੁਣ ਉਸ ਦਾ ਹੋਣਹਾਰ ਬੱਚਾ ਡਾਕਟਰ ਜਾਂ ਇੰਜੀਨੀਅਰ ਬਣਨ ਦੀ ਪੱਕੀ ਸੜਕ ਉਤੇ ਪੈ ਗਿਆ ਹੈ। ਪਰ ਇਸ ਗੱਲ ਦਾ ਅਨੁਮਾਨ ਕੌਣ ਲਾ ਸਕਦਾ ਹੈ ਕਿ

ਉਸ ਰਾਤ ਨੂੰ ਰਮੇਸ਼ ਨੇ ਅਗੋਂ ਤੋਂ ਆਪਣੇ ਪਿਤਾ ਦੀ ਆਗਿਆ ਨਾ ਮੰਨਣ ਦਾ ਕਿਤਨਾ ਪੱਕਾ ਫ਼ੈਸਲਾ ਕੀਤਾ ਹੋਵੇ। ਮੌਕਾ ਮਿਲਣ ਉਤੇ ਉਹ ਆਪਣੀ ਜ਼ਬਰਦਸਤੀ ਕੀਤੀ "ਸੁੰਨਤ" ਦਾ ਬਦਲਾ ਲਵੇਗਾ। ਅਸਲ ਵਿਚ ਹਿੰਦੂ ਸੰਸਕ੍ਰਿਤੀ ਦਾ ਧਾਰਨੀ ਹੋਣ ਕਾਰਨ ਮਾਸਟਰ ਕ੍ਰਿਸ਼ਨ ਲਾਲ ਦੀਆਂ ਧੁਰ ਅੰਤਰੀਵ ਭਾਵਨਾਵਾਂ ਅੰਗਰੇਜ਼ੀ ਸਭਿਆਚਾਰ ਦੇ ਵਿਰੁਧ ਹਨ। ਇਹ ਘ੍ਰਿਣਾ ਸ਼ਾਇਦ ਇਸ ਕਰਕੇ ਵੀ ਹੈ ਕਿ ਜਿਥੇ ਉਹ ਪੰਜਾਬ ਵਿਚ ਕਿਸੇ ਮੰਨੇ ਦੰਨੇ ਆਰੀਆ ਹਾਈ ਸਕੂਲ ਦਾ ਹੈੱਡਮਾਸਟਰ ਸੀ ਅੱਜ ਉਹ ਅੰਗਰੇਜ਼ਾਂ ਦੇ ਇੰਗਲੈਂਡ ਵਿਚ ਬੱਸਾਂ ਦਾ ਕੰਡਕਟਰ ਲਗਿਆ ਹੋਇਆ ਹੈ। ਇਸ ਕਿੱਤੇ ਵਿਚ ਖਬਰੇ ਕਿੰਨੇ ਕੁ ਲੰਬੇ ਵਾਲਾਂ ਵਾਲੇ ਗੋਰੇ ਮੁੰਡੇ ਬਿਨਾਂ ਕਿਰਾਇਆ ਦਿਤੇ ਕ੍ਰਿਸ਼ਨ ਲਾਲ ਹੈੱਡ-ਮਾਸਟਰ ਨੂੰ ਉਤਰਣ ਲਗਿਆਂ "ਬਲੈਕ ਬਾਸਟਰਡ" ਕਹਿ ਗਏ ਹੋਣਗੇ। ਸੋ ਅੰਗਰੇਜ਼ੀ ਸਭਿਅਤਾ ਵਿਰੁਧ ਲੁਕੀ ਹੋਈ ਭਾਵਨਾ ਹੋਰ ਵੀ ਸ਼ਿੱਦਤ ਨਾਲ ਜਾਗਦੀ ਹੈ ਜੇ ਇਸ ਦਾ ਪ੍ਰਗਟਾਅ ਤੁਹਾਡੇ ਆਪਣੇ ਘਰ ਵਿਚ ਹੁੰਦਾ ਹੋਵੇ। ਉਂਜ ਭਾਵੇਂ ਲੰਬੇ ਵਾਲਾਂ ਵਾਲੇ ਰਮੇਸ਼ ਨੇ ਆਪ ਕਈ ਵਾਰ ਕਾਲਾ ਹੋਣ ਕਰਕੇ ਕਈ ਗੋਰੇ ਹੁੱਲੜਬਾਜ਼ਾਂ ਤੋਂ ਠੁੱਡੇ ਖਾਧੇ ਹੋਣ। ਲੰਬੇ ਵਾਲ ਉਸ ਦੀ ਢਾਲ ਥੋੜਾ ਬਣ ਸਕਦੇ ਸਨ। ਰਮੇਸ਼ ਦਾ ਇਹ ਲੰਬੇ ਵਾਲ ਰਖਣ ਦਾ ਤਰਲਾ ਤਾਂ ਕੇਵਲ ਉਸ ਨੂੰ ਉਸ ਦੇ ਜੋਟੀਦਾਰ ਗੋਰੇ ਮੁੰਡਿਆਂ ਵਿਚ ਸਵੀਕਾਰ ਕਰਵਾਉਣ ਵਜੋਂ ਕੀਤਾ ਗਿਆ ਨਿਗੂਣਾ ਉਪਰਾਲਾ ਹੀ ਹੈ। ਜਾਂ ਫਿਰ ਆਪਣੀਆਂ ਹਾਣੀ ਕੁੜੀਆਂ ਦੀਆਂ ਨਜ਼ਰਾਂ ਵਿਚ "ਮਾਂ ਦਾ ਧੀਆਂ ਵਰਗਾ ਪੁੱਤ" ਲੱਗਣ ਦੀ ਥਾਂ ਘਟੋ ਘਟ ਦੇਖਣ ਪਾਖਣ ਨੂੰ ਕੁੜੀਆਂ ਦੀਆਂ ਮਿਹਰਬਾਨ ਨਜ਼ਰਾਂ ਦੇ ਕਿਸੇ ਰੰਗੀਨ ਝਲਕਾਰੇ ਦਾ ਹੱਕਦਾਰ-ਹੋਣ ਦੀ ਕੁਦਰਤੀ ਸੱਧਰ ਹੀ ਤਾਂ ਹੈ।

ਰਮੇਸ਼ ਆਪਣੇ ਪਿਤਾ ਦੀ ਖ਼ਾਹਿਸ਼ ਅਨੁਸਾਰ ਲੰਬੇ ਵਾਲ ਕਟਵਾ ਕੇ ਆਪਣੇ ਹਾਣੀ ਮੁੰਡੇ ਕੁੜੀਆਂ ਵਿਚ ਮਖ਼ੌਲਾਂ ਦਾ ਕਾਰਨ ਨਹੀਂ ਸੀ ਬਣਨਾ ਚਾਹੁੰਦਾ, ਇੰਜ ਸ਼ਾਇਦ ਉਸ ਦੇ ਪਿਤਾ ਕ੍ਰਿਸ਼ਨ ਲਾਲ ਨੂੰ ਵੀ ਮਹਿਸੂਸ ਹੋਵੇ ਜੇ ਉਸ ਦੇ ਗੋਂਗਲੂ ਵਰਗੇ ਟੋਟਣ ਤੇ ਖੱਟੀ ਫ਼ਿਫ਼ਟੀ ਬੰਨ੍ਹ ਕੇ ਨੀਲੀ ਦਸਤਾਰ ਸਜਾ ਦਿਤੀ ਜਾਵੇ।

ਬੜੀਆਂ ਹੀ ਛੋਟੀਆਂ ਗੱਲਾਂ ਬੱਚਿਆਂ ਦੇ ਦਰਿਸ਼ਟੀਕੋਣ ਤੋਂ ਕਾਫ਼ੀ ਅਰਥਭਰਪੂਰ ਹੁੰਦੀਆਂ ਹਨ, ਜਿਨ੍ਹਾਂ ਵਲ ਮਾਪੇ ਕਈ ਵਾਰ ਬਿਲਕੁਲ ਧਿਆਨ ਨਹੀਂ ਦਿੰਦੇ। ਸਨਿੱਚਰਵਾਰ ਸ਼ਾਮੀਂ ਭਾਈਆ ਲੱਖੂ ਆਪਣੇ ਦੋਸਤਾਂ ਮਿੱਤਰਾਂ ਨਾਲ ਬੈਠਣ ਉਠਣ ਵਾਲੇ ਕਮਰੇ ਵਿਚ ਵਿਸਕੀ ਪੀ ਰਿਹਾ ਹੈ। ਖੂੰਜੇ ਵਿਚ ਰਖੇ ਟੈਲੀਵੀਯਨ ਨੂੰ ਉਸ ਦੇ ਛੋਟੇ ਦੋ ਬੱਚੇ ਆਪਣੇ ਮਨਪਸੰਦ ਪ੍ਰੋਗਰਾਮ ਨੂੰ ਬੜੇ ਹੀ ਗੰਭੀਰ ਹੋਏ ਵੇਖ ਰਹੇ ਹਨ। ਭਾਈਆ ਲੱਖੂ ਅਤੇ ਭਾਈਏ ਦੇ ਬੇਲੀ ਦੋ ਦੋ ਹਾੜਿਆਂ ਮਗਰੋਂ ਆਪਣੇ ਸੰਘ ਵਿਚ ਲਗੇ "ਰੇਡੀਓ" ਦੀ ਆਵਾਜ਼ ਉੱਚੀ ਕਰ ਦਿੰਦੇ ਹਨ। ਬੱਚੇ ਟੈਲੀ ਵਿਚਲੀ ਗੱਲ ਸੁਣਨਾ ਲੋਚਦੇ ਹਨ ਅਤੇ ਭਾਈਏ ਤੋਂ ਅੱਖ ਬਚਾ ਕੇ ਬੱਚੇ ਟੈਲੀ ਦੀ ਆਵਾਜ਼ ਜ਼ਰਾ ਉੱਚੀ ਕਰਕੇ ਸਕਰੀਨ ਦੇ ਬਿਲਕੁਲ ਲਾਗੇ ਹੋ ਕੇ ਬੈਠ ਜਾਂਦੇ ਹਨ। ਅਖ਼ੀਰ ਆਪਣੀਆਂ ਗੱਲਾਂ ਵਿਚ ਟੈਲੀ ਦੇ ਰੌਲੇ ਕਾਰਨ ਪੈ ਰਹੇ ਵਿਘਨ ਨੂੰ ਨਾ ਬਰਦਾਸ਼ਤ ਕਰਦੇ ਹੋਏ ਭਾਈਆ ਲੱਖੂ ਇਕ ਹੀ ਘੁਰਕੀ ਨਾਲ ਟੈਲੀ ਬੰਦ ਕਰਵਾ ਦਿੰਦਾ ਹੈ। ਬੱਚੇ ਚੂੰ ਚੂੰ ਕਰਦੇ ਆਪਣਿਆਂ ਬਿਸਤਰਿਆਂ ਵਿਚ ਵੜ ਕੇ ਡੈਡੀ ਨੂੰ ਅੰਗਰੇਜ਼ੀ ਵਿਚ ਲੱਖ ਲੱਖ ਗਾਲ੍ਹਾਂ ਕੱਢਦੇ ਹਨ।

ਮਾਪਿਆਂ ਦੀ ਨਿੱਕੀ ਜਿਹੀ ਘੌਲ ਜਾਂ ਅਣਗਹਿਲੀ ਕਾਰਨ ਸਕੂਲ ਵਿਚ ਦੂਜੇ ਬੱਚਿਆਂ ਸਾਹਮਣੇ ਹੋਇਆ ਅਪਮਾਨ ਕਿਸੇ ਦਿਨ ਬੱਚੇ ਤੋਂ ਭਾਈਏ ਦੀ ਪੱਗ ਨੂੰ ਹੱਥ ਪਵਾਉਣ ਦਾ ਜ਼ਿਮੇਵਾਰ ਬਣ ਸਕਦਾ ਹੈ। ਬੱਚੇ ਦਾ ਅਥਾਹ ਅਤੇ ਅਣਸੋਧਿਆ ਕਰੋਧ ਕਿਸੇ ਦਿਨ ਸਾਰੇ ਘਰ ਦੀ ਤਕਦੀਰ ਨੂੰ ਪੂਛੋਂ ਫੜ ਕੇ ਭੁਆਣੀਆਂ ਦੇ ਸਕਦਾ ਹੈ।

ਸਾਡੇ ਗਵਾਂਢੀ ਦੀ ਦਸਾਂ ਸਾਲਾਂ ਦੀ ਬੱਚੀ ਅੱਜ ਚੋਥੀ ਜਮਾਤ ਸਕੂਲ ਦੀ ਹੈੱਡਮਿਸਟ੍ਰੱਸ ਵਲੋਂ ਉਸ ਦੇ ਮਾਪਿਆਂ ਵਲ ਲਿਖਿਆ ਖ਼ਤ ਲੈ ਕੇ ਆਈ ਸੀ। ਕੁੜੀ ਦੇ ਜ਼ਬਾਨੀ ਖ਼ਤ ਦਾ ਮਜ਼ਮੂਨ ਦਸਣ ਉਤੇ ਉਸ ਦੀ ਮਾਂ ਨੇ ਵਿਸ਼ਵਾਸ ਨਾ ਕਰਦਿਆਂ ਉਹ ਖ਼ਤ ਪੜ੍ਹਾਉਣ ਲਈ ਮੇਰੇ ਕੋਲ ਲੈ ਆਈ। ਖ਼ਤ ਦਾ ਮਜ਼ਮੂਨ ਇੰਜ ਸੀ —

"ਸਾਨੂੰ ਬੜਾ ਹੀ ਅਫ਼ਸੋਸ ਹੈ ਕਿ ਕਈ ਖ਼ਤ ਲਿਖਣ ਦੇ ਬਾਵਜੂਦ ਵੀ ਤੁਸੀਂ ਆਪਣੀ ਬੱਚੀ ਲਈ ਹਾਲੀਂ ਤੀਕ ਨਹਾਉਣ ਵਾਲਾ ਸੂਟ ਨਹੀਂ ਲੈ ਕੇ ਦਿਤਾ। ਸਾਰੇ ਬੱਚਿਆਂ ਦੇ ਨਹਾਉਣ ਜਾਣ ਮਗਰੋਂ ਇਹ ਇਕੱਲੀ ਹੀ ਜਮਾਤ ਵਿਚ ਪਿਛੇ ਰਹਿ ਜਾਂਦੀ ਹੈ।"

ਮੇਰੀ ਪੁੱਛ ਗਿੱਛ ਕਰਨ ਨਾਲ ਪਤਾ ਲੱਗਿਆ ਕਿ ਕੁੜੀਆਂ ਦਾ ਡੈਡੀ ਆਪਣੀ ਦਸਾਂ ਸਾਲਾਂ ਦੀ ਬੱਚੀ ਨੂੰ ਕੱਛੀ ਪਾ ਕੇ ਮੁੰਡਿਆਂ ਨਾਲ ਇਕੋ ਹੀ ਤਲਾਅ ਵਿਚ ਨਹਾਉਣ ਨੂੰ ਭਾਰਤੀ ਸਭਿਅਤਾ ਦੇ ਵਿਰੁਧ ਸਮਝਦਾ ਸੀ। ਉਸ ਦੇ ਵਿਚਾਰ ਸਨ ਇੰਜ ਕਰਨ ਨਾਲ ਕੁੜੀਆਂ ਦਾ ਚਾਲ ਚਲਨ ਵਿਗੜ ਸਕਦਾ ਹੈ, ਪਰ ਭਾਰਤੀ ਸਭਿਅਤਾ ਦੇ ਝੰਡਾ ਬਰਦਾਰ ਭਾਈਏ ਦੇ ਇਸ ਕਰਤੱਵ ਦਾ ਬੱਚੀ ਦੀ ਸਕੂਲ ਵਿਚਲੀ ਜ਼ਿੰਦਗੀ ਉਪਰ ਮਨੋਵਿਗਿਆਨਕ ਪੱਖੋਂ ਕੀ ਪ੍ਰਭਾਵ ਪਿਆ ਇਸ ਦਾ ਸ਼ਾਇਦ ਉਸ ਨੂੰ ਚਿਤਚੇਤਾ ਵੀ ਨਹੀਂ। ਬੱਚੀ ਕੋਲ ਸਵਿੰਮਿੰਗ ਸੂਟ ਨਾ ਹੋਣ ਕਾਰਨ ਜਮਾਤ ਦੇ ਦੂਜੇ ਬੱਚਿਆਂ ਨੇ ਪਤਾ ਨਹੀਂ ਕਿੰਨੀਆਂ ਕੁ ਟਿੱਚਰਾਂ ਕੀਤੀਆਂ ਹੋਣਗੀਆਂ, ਬੱਚੀ ਨੇ ਆਪਣੇ ਮਨ ਵਿਚ ਭਾਈਏ ਦੀ ਭਾਰਤੀ ਸਭਿਅਤਾ ਸਬੰਧੀ ਪਤਾ ਨਹੀਂ ਕੀ ਗਵੇੜ ਲਾਇਆ ਹੋਵੇਗਾ। ਬੱਚੀ ਦੀ ਦਿਮਾਗ਼ੀ ਅਤੇ ਸਰੀਰਕ ਉੱਨਤੀ ਵਿਚ ਪਤਾ ਨਹੀਂ ਕਿਥੇ ਅਤੇ ਕਿੰਨੀ ਕੁ ਬਿੱਜ ਪਈ ਹੋਵੇਗੀ। ਪੰਜਾਬੀ ਕੁੜੀਆਂ ਨੂੰ ਜੇ ਕਦੀ ਭਾਰਤ ਦੇ ਛੱਪੜਾਂ ਟੋਭਿਆਂ ਵਿਚ ਖੁਲ੍ਹ ਕੇ ਨਹਾਉਣ ਦਾ ਅਵਸਰ ਨਹੀਂ ਮਿਲਿਆ ਤਾਂ ਜੇ ਫਿਰ ਇੰਗਲੈਂਡ ਵਿਚ ਵੀ ਆਇਰਲੈਂਡ ਦੀਆਂ ਕੁੜੀਆਂ ਦੀਆਂ ਨੀਲੀਆਂ ਅੱਖਾਂ ਵਰਗੇ ਸਾਫ਼ ਅਤੇ ਨਿੱਘੇ ਪਾਣੀਆਂ ਵਿਚ ਨਹਾਉਣ ਉਪਰ ਪਾਬੰਦੀ ਲਾ ਦਿਤੀ ਜਾਵੇ ਤਾਂ ਫਿਰ ਇਹ ਕੁੜੀਆਂ ਜਵਾਨ ਹੋ ਕੇ ਭਾਈਏ ਦੇ ਉਸ ਫ਼ਿਕਰ ਵਿਚ ਜ਼ਰੂਰ ਵਾਧਾ ਕਰ ਦੇਣਗੀਆਂ ਜਿਸ ਕਾਰਨ ਉਨ੍ਹਾਂ ਨੂੰ ਮੁੰਡਿਆਂ ਨਾਲ ਮਿਲ ਕੇ ਨਹਾਉਣ ਤੋਂ ਵਰਜੀ ਰਖਿਆ ਹੈ।

ਇੰਗਲੈਂਡ ਵੱਸਦੇ ਭਾਰਤੀ ਬੱਚਿਆਂ ਦੀ ਇਕ ਆਮ ਇਹ ਸ਼ਕਾਇਤ ਹੈ ਕਿ ਘਰਾਂ ਵਿਚ ਇਹਨਾਂ ਨੂੰ ਅੰਗਰੇਜ਼ੀ ਸੰਗੀਤ ਸੁਣਨ ਤੋਂ ਵਰਜਿਆ ਜਾਂਦਾ ਹੈ। ਉਰਦੂ ਜ਼ਬਾਨ ਤੋਂ ਕੋਰੇ, ਪੰਜਾਬੀ ਗੀਤਾਂ ਦੀ ਭਾਸ਼ਾ ਤੋਂ ਅਣਜਾਣ ਇਹ ਬੱਚੇ ਕੇਵਲ ਅੰਗਰੇਜ਼ੀ ਪੋਪ ਗੀਤਾਂ ਦੇ ਹੀ ਰਸੀਏ ਹਨ। ਮਾਪਿਆਂ ਦਾ ਕੋਈ ਹੱਕ ਨਹੀਂ ਕਿ ਜੇ ਉਹ ਇਨ੍ਹਾਂ ਬੱਚਿਆਂ ਨੂੰ ਅਮਲੀ ਰੂਪ ਵਿਚ ਆਪਣੀ ਗੁਜ਼ਾਰੇ ਜੋਗੀ ਭਾਸ਼ਾ ਨਹੀਂ ਸਿਖਾ ਸਕੇ ਜਾਂ ਭਾਰਤੀ ਸੰਗੀਤ ਵਲ ਨਹੀਂ ਪਰੇਰ ਸਕੇ ਜਾਂ ਉਹ ਇਨ੍ਹਾਂ ਬੱਚਿਆਂ ਦੇ ਅੰਗਰੇਜ਼ੀ ਸੰਗੀਤ ਦੇ ਸ਼ੌਕ ਉਤੇ ਕੋਈ ਪਾਬੰਦੀ ਲਾਉਣ। ਸਾਡੇ ਘਰਾਂ ਵਿਚ ਵਧੇਰੇ ਟੇਪ-ਰੀਕਾਰਡਜ਼ ਹੀ ਹਨ ਜਿਨ੍ਹਾਂ ਵਿਚ ਮਾਪਿਆਂ ਨੇ ਆਪਣੇ ਨਸ਼ੇ ਪੱਤੇ ਮਘਾਉਣ ਲਈ, "ਗੁਰਨਾਮ ਕੁਰੇ ਨੀ ਚਲ ਬਾਹਰਲੇ ਘਰੇ।" ਵਰਗੇ ਲਚਰ ਗੀਤਾਂ ਤੋਂ ਲੈ ਕੇ ਗਵਾਂਢੀਆਂ ਉਪਰ ਪੂਰੇ ਗੁਰਸਿੱਖ ਹੋਣ ਦਾ ਰੋਅਬ ਪਾਉਣ ਲਈ ਜਪੁਜੀ ਸਾਹਿਬ ਤੀਕ ਭਰੇ ਹੋਏ ਹਨ।

ਅਸਲ ਵਿਚ ਮਾਪੇ ਵੀ ਇਥੋਂ ਦੇ ਸਰਮਾਏਦਾਰ ਪ੍ਰਬੰਧ ਵਿਚ ਮਨਫ਼ੀ ਕੀਮਤਾਂ ਦੀ ਸ਼ਤਰੰਜ ਦੇ ਪਿਆਦੇ ਹਨ। ਇਨ੍ਹਾਂ ਦੀ ਆਪਣੀ ਆਜ਼ਾਦ ਹੋਂਦ ਦੇ ਬਾਵਜੂਦ ਵੀ ਇਨ੍ਹਾਂ ਦੀ ਨੱਥ ਕਿਸੇ ਹੋਰ ਰਥਵਾਨ ਦੇ ਹੱਥ ਹੈ। ਇਹ ਸਾਰੀਆਂ ਨਿੱਕੀਆਂ ਨਿੱਕੀਆਂ ਵਰਨਣ ਕੀਤੀਆਂ ਗਈਆਂ ਘਟਨਾਵਾਂ ਜਿਥੇ ਸਾਨੂੰ ਭਾਰਤੀ ਮਾਪਿਆਂ ਦੀਆਂ ਆਪਣੇ ਬੱਚਿਆਂ ਵਲ ਪਹੁੰਚ ਨੂੰ ਬਿਆਨ ਕਰਦੀਆਂ ਹਨ ਉਥੇ ਇਹ ਭਾਰਤੀ ਬੱਚਿਆਂ ਉਪਰ ਪੈ ਰਹੇ ਅੰਗਰੇਜ਼ੀ ਸਭਿਆਚਾਰ ਦੇ ਪ੍ਰਭਾਵਾਂ

ਦੀਆਂ ਵੀ ਸੂਚਕ ਹਨ। ਸੋ ਭਾਰਤੀ ਮਾਪਿਆਂ ਨਾਲ ਚਲ ਰਹੀ ਭਾਰਤੀ ਮੁੰਡੇ ਕੁੜੀਆਂ ਦੀ ਇਹ ਧੀਮੀ ਜਿਹੀ "ਗੁਰੀਲਾ ਵਾਰ" ਦਾ ਇਨ੍ਹਾਂ ਦੋਹਾਂ ਧਿਰਾਂ ਦੇ ਭਵਿੱਖ ਸਬੰਧੀ ਕੀ ਸਿੱਟੇ ਧੱਢੇਗੀ ?

ਅਜੇ ਇਨ੍ਹਾਂ ਭਾਰਤੀ ਮੁੰਡੇ ਕੁੜੀਆਂ ਦਾ ਵਿਰੋਧ ਸਕੂਲ ਦੇ ਅੰਦਰ ਜਾਂ ਬਾਹਰ ਦੇ ਅੰਗਰੇਜ਼ ਮੁੰਡੇ ਕੁੜੀਆਂ ਜਾਂ ਵੱਡੀ ਉਮਰ ਦੇ ਅੰਗਰੇਜ਼ ਮਰਦ ਇਸਤਰੀਆਂ ਨਾਲ ਨਹੀਂ ਹੈ ਸਗੋਂ ਇਨ੍ਹਾਂ ਦਾ ਪਹਿਲਾ ਵਿਰੋਧ ਉਹ ਵੀ ਜਜ਼ਬਾਤੀ ਦਰਿਸ਼ਟੀਕੋਨ ਤੋਂ ਆਪਣੇ ਮਾਂ ਬਾਪ, ਇਨ੍ਹਾਂ ਦੇ ਇਰਦ ਗਿਰਦ ਦੀ ਭਾਰਤੀ ਸੁਸਾਇਟੀ ਅਤੇ ਉਸ ਦੀਆਂ ਸਮਾਜਕ ਕੀਮਤਾਂ ਨਾਲ ਹੈ। ਇਨ੍ਹਾਂ ਨੂੰ ਸਕੂਲਾਂ ਵਿਚ ਰੰਗ ਦੇ ਅਧਾਰ ਉਤੇ ਹਾਲੀਂ ਕੋਈ ਬਹੁਤੀ ਔਕੜ ਨਹੀਂ ਆ ਰਹੀ। ਇੰਗਲਿਸ਼ ਸੁਸਾਇਟੀ ਵਿਚ ਜਦੋਂ ਤੀਕ ਉਹ ਕੰਮ-ਮੰਡੀ ਵਿਚ ਅੰਗਰੇਜ਼ ਕਾਮੇ ਦਾ ਮੁਕਾਬਲਾ ਕਰਨ ਲਈ ਨਹੀਂ ਜਾਂਦੇ ਅਤੇ ਬਹੁਤੀ ਵਾਰੀ ਰੰਗ ਦੇ ਅਧਾਰ ਉਪਰ ਹੁੰਦੇ ਵਿਤਕਰੇ ਦਾ ਆਪ ਸਿੱਧਾ ਸ਼ਿਕਾਰ ਨਹੀਂ ਹੁੰਦੇ ਉਦੋਂ ਤੀਕ ਇਨ੍ਹਾਂ ਭਾਰਤੀ ਬੱਚਿਆਂ ਨੂੰ ਬਰਤਾਨੀਆਂ ਦੇ ਸਮੁੱਚੇ ਸਰਮਾਏਦਾਰੀ ਆਰਥਕ ਪ੍ਰਬੰਧ ਦੀ ਸੋਝੀ ਨਹੀਂ ਹੁੰਦੀ। ਉਸ ਸਮਝ ਆ ਜਾਣ ਮਗਰੋਂ ਹੀ ਇਨ੍ਹਾਂ ਦਾ ਭਾਰਤੀ ਮਾਪਿਆਂ, ਭਾਰਤੀ ਸਭਿਅਤਾ ਅਤੇ ਭਾਰਤੀ ਸਭਾ ਸੁਸਾਇਟੀਆਂ ਵਲ ਨਜ਼ਰੀਆ ਉਸਾਰੂ ਰੁਖ ਵਲ ਮੋੜ ਕਟੇਗਾ।

ਭਾਰਤੀ ਬੱਚੇ ਸਕੂਲਾਂ ਵਿਚ ਆਪਣੇ ਹਾਣੀ ਅੰਗਰੇਜ਼ ਮੁੰਡੇ ਕੁੜੀਆਂ ਨਾਲ ਹੱਸ ਖੇਡ ਕੇ ਵਧੇਰੇ ਸੁਤੰਤਰ ਅਤੇ ਪਰਸੰਨ ਮਹਿਸੂਸ ਕਰਦੇ ਹਨ। ਪਰੰਤੂ ਜਦੋਂ ਹੀ ਉਹ ਸਕੂਲ ਦੀ ਚਾਰਦੀਵਾਰੀ ਤੋਂ ਬਾਹਰ ਆਉਂਦੇ ਹਨ ਉਸੇ ਹੀ ਸਮੇਂ ਇਨ੍ਹਾਂ ਨੂੰ ਮਕਰੀ ਜਿਹੀ ਭਾਰਤੀ ਸਭਿਅਤਾ ਦਾ ਮਖੌਟਾ ਆਪਣੇ ਚਿਹਰਿਆਂ ਉਤੇ ਚਾਨਣਾ ਪੈਂਦਾ ਹੈ। ਇਕੋ ਹੀ ਸਕੂਲ ਅਤੇ ਇਕੋ ਹੀ ਜਮਾਤ ਦੇ ਵਿਦਿਆਰਥੀ ਕੁੜੀ ਮੁੰਡਾ ਬਾਜ਼ਾਰ ਵਿਚ ਅੱਗੜ ਪਿੱਛੜ ਹੋ ਕੇ ਤੁਰਦੇ ਹਨ। ਮਤਾਂ ਕੋਈ ਚਾਚਾ ਤਾਇਆ ਜਾਂ ਪੇਂਡੂ ਭਾਈਆ ਹੀ ਵੇਖ ਲਵੇ ਇਸ ਅਪਰਾਧ ਨੂੰ, ਅਤੇ ਜਾ ਕੰਨ ਵਲੇਲ ਪਾਵੇ ਡੈਡੀ ਦੇ। ਫਿਰ ਸੈਣਤਾਂ ਨਾਲ ਹੀ ਚੁੰਮਣ ਵਟਾ ਕੇ ਇਹ ਆਪਣੇ ਆਪਣੇ ਘਰਾਂ ਨੂੰ ਹੋ ਤੁਰਦੇ ਹਨ। ਦੂਜੇ ਪਾਸੇ ਅੰਗਰੇਜ਼ ਮੁੰਡਾ ਆਪਣੀ ਮਿੱਤਰ ਕੁੜੀ ਨੂੰ ਕੱਛੇ ਮਾਰੀ ਉਸ ਦੇ ਘਰ ਤੀਕ ਛੱਡ ਕੇ ਆਵੇਗਾ।

ਜਾਂ ਫਿਰ ਇਹ ਭਾਰਤੀ ਬੱਚੇ ਵੱਡੇ ਵੱਡੇ ਸਟੋਰਾਂ ਵਿਚ ਛੁੱਟੀ ਵਾਲੇ ਦਿਨ ਖੂੰਜਿਆਂ ਵਿਚ ਲਗੇ ਸੈਣਤਾਂ ਨਾਲ ਹੀ ਦਰਦੇ ਦਿਲ ਕਹਿ ਕੇ ਤਸਕੀਨ ਭਾਲਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇੰਗਲੈਂਡ ਵਰਗੇ ਦੇਸ ਵਿਚ ਵੀ ਭਾਰਤੀ ਮੁੰਡੇ ਕੁੜੀਆਂ ਨੂੰ ਇਕ ਦੂਜੇ ਦੀ ਦੀਦ ਲਈ ਦਰਾਂ ਅਗੋਂ ਦੀ ਝੂਠੇ ਸੱਚੇ ਗੇੜੇ ਮਾਰਨੇ ਪੈਣ। ਇਸ ਦੇ ਟਾਕਰੇ ਉਤੇ ਜਦੋਂ ਉਹ ਆਪਣੇ ਹਾਣੀ ਡੇਵਿਡ ਅਤੇ ਜੂਲੀ ਅੰਗਰੇਜ਼ ਮੁੰਡੇ ਕੁੜੀ ਨੂੰ ਆਜ਼ਾਦੀ (ਆਜ਼ਾਦੀ ਤੋਂ ਭਾਵ ਸਦਾ ਸੈੱਕਸ ਹੀ ਨਹੀਂ ਹੁੰਦਾ) ਮਾਣਦੇ ਵੇਖਦੇ ਹਨ ਤਾਂ ਫਿਰ ਉਨ੍ਹਾਂ ਦ ਨੋਂ ਵਿਚ ਨਾ ਕੇਵਲ ਆਪਣੇ ਮਾਪਿਆਂ ਵਿਰੁਧ ਹੀ ਘ੍ਰਿਣਾ ਪੈਦਾ ਹੁੰਦੀ ਹੈ ਸਗੋਂ ਉਹ ਸਮੁੱਚੇ ਭਾਰਤੀ ਕਲਚਰ ਅਤੇ ਉਸ ਦੀਆਂ ਕੀਮਤਾਂ ਨੂੰ ਵੀ ਨਿਰਦਈ ਅਤੇ ਉਜੱਡ ਸਮਝ ਕੇ ਚੈਲਿੰਜ ਕਰਦੇ ਹਨ।

ਅਜਿਹੀ ਸਟੇਜ ਉਤੇ ਭਾਰਤੀ ਬੱਚਿਆਂ ਲਈ ਸੂਝਵਾਨ ਮਾਪਿਆਂ ਦੀ ਅਗਵਾਈ ਦੀ ਵਧੇਰੇ ਲੋੜ ਹੈ। "ਭਾਰਤੀ ਕਲਚਰ" ਅਤੇ ਉਸ ਦੀਆਂ "ਮਹਾਨ ਰਵਾਇਤਾਂ" ਦਾ ਦਿਨ ਰਾਤ ਢੰਡੋਰਾ ਪਿੱਟਣ ਨਾਲ ਇਗਲੰਡ ਵਸਦੀ ਭਾਰਤੀ ਤੀਜੀ ਪੀੜ੍ਹੀ ਨੂੰ ਉਨ੍ਹਾਂ ਦੀ ਲੜੀਂਦੀ ਵਾਜਬ ਆਜ਼ਾਦੀ ਤੋਂ ਵਾਂਝਿਆਂ ਨਹੀਂ ਰਖਿਆ ਜਾ ਸਕਦਾ। ਇਥੇ ਗੁਰਦਵਾਰਿਆਂ, ਮੰਦਰਾਂ ਅਤੇ ਮਸਜਿਦਾਂ ਵਿਚ ਭਾਰਤੀ ਅਤੇ ਇਸਲਾਮੀ ਪਰੰਪਰਾਵਾਂ, ਧਰਮ, ਕਰਮ ਅਤੇ ਸਭਿਆਚਾਰ ਦਾ ਜੋ ਹਾਲ ਇਹ ਬੱਚੇ ਆਪਣੀ ਅੱਖੀਂ ਰੋਜ਼ ਵੇਖਦੇ ਹਨ ਉਹ ਕੋਈ ਬਹੁਤੀਆਂ "ਮਹਾਨ ਰਵਾਇਤਾਂ" ਦਾ ਸਬੂਤ ਨਹੀਂ ਦਿੰਦਾ। ਘਰਾਂ ਵਿਚ ਵੀ ਅਸੀਂ ਭਾਰਤੀ ਮਾਪੇ ਜਿਸ ਤਰ੍ਹਾਂ ਦੀ ਧੂਹ ਘੜੀਸ ਨਾਲ ਪੌਂਡ ਹੁੰਝਣ ਦੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ ਹਾਂ ਉਹ ਵੀ ਇਨ੍ਹਾਂ ਬੱਚਿਆਂ ਨੂੰ ਕੋਈ ਭਾਰਤੀ ਕਲਚਰ ਦੀਆਂ ਮਹਾਨ ਪਰਾਪਤੀਆਂ ਨਹੀਂ ਜਾਪਦੀਆਂ। ਜਵਾਨ ਅਤੇ ਇਥੋਂ ਦੇ ਪੜ੍ਹੇ ਲਿਖੇ ਪੁੱਤ ਧੀਆਂ ਦੀ ਕਿਸੇ ਦਸ ਪੁੱਛ ਬਿਨਾਂ ਨਿਰੋਲ ਧਨ ਦੌਲਤ ਅਤੇ ਝੂਠੀ ਫੂੰ ਫਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਮੰਗਣੇ ਵਿਆਹ ਰਚਾ ਦੇਣੇ ਇਹ ਵੀ ਇਨ੍ਹਾਂ ਨੂੰ ਕੋਈ ਭਾਰਤੀ ਕਲਚਰ ਦੀ ਕੋਈ ਅਮੁੱਲੀ ਦਾਤ ਨਹੀ ਜਾਪਦੀ। ਜੇ ਕਿਸੇ ਕੁੜੀ ਦੀ ਕਿਸੇ ਮੁੰਡੇ ਨਾਲ ਝੂਠੀ ਸੱਚੀ ਸਾਂਝ ਦੀ ਖ਼ਬਰ ਮਿਲਣ ਉਤੇ ਜੇ ਕੁੜੀ ਦੇ ਮਾਪੇ ਉਸ ਦੇ ਹੱਥਾਂ ਉਤੇ ਮਹਿੰਦੀ ਦੀ ਥਾਂ ਮੰਜੇ ਦੇ ਪਾਵੇ ਰੱਖ ਕੇ ਸਾਰੀ ਰਾਤ ਘੁਰਾੜੇ ਮਾਰੀ ਜਾਣ ਤਾਂ ਇਹ ਵੀ ਕੋਈ ਭਾਰਤੀ ਕਲਚਰ ਦੀ ਮਹਾਨ ਪਰਾਪਤੀ ਦੀ ਰੰਗਦਾਰ ਟੋਪੀ ਵਿਚ ਕੋਈ ਹੋਰ ਰਗੀਨ ਖੰਭ ਨਹੀਂ ਟੁੰਗਦਾ।

ਸੋ ਜੇ ਭਾਰਤੀ ਮਾਪੇ ਅੰਗਰੇਜ਼ੀ ਸਭਿਆਚਾਰ ਦੇ ਵਿਚਕਾਰ ਰਹਿੰਦੇ ਹੋਏ ਆਪਣੇ ਪੜ੍ਹੇ ਲਿਖੇ ਜਵਾਨ ਬੱਚਿਆਂ ਨੂੰ ਲੋੜੀਂਦੀ ਆਜ਼ਾਦੀ ਨਹੀਂ ਦਿੰਦੇ ਤਾਂ ਇਸ ਦੇ ਨਤੀਜੇ ਗੰਭੀਰ ਹਨ। ਰੋਜ਼ ਘਰਾਂ ਵਿਚੋਂ ਭਜਦੀਆਂ ਕੁੜੀਆਂ ਇਸ ਵੱਗਣ ਵਾਲੀ ਅਨ੍ਹੇਰੀ ਵਲ ਇਸ਼ਾਰਾ ਹੀ ਕਰਦੀਆਂ ਹਨ। ਜੇ ਹਾਲਤ ਇੰਜ ਹੀ ਰਹੀ ਤਾਂ ਫਿਰ ਮਾਪਿਆਂ ਨੂੰ ਮੁੰਡਿਆਂ ਦੀ ਜੰਵ ਚੜ੍ਹਨ ਲਈ ਪੱਗਾਂ ਨੂੰ ਤਰਬੂਜ਼ੀਆ ਰੰਗ ਕਰਵਾਉਣ ਦੀ ਕੋਈ ਖੇਚਲ ਨਹੀਂ ਕਰਨੀ ਪੈਣੀ ਅਤੇ ਕੁੜੀਆਂ ਲਈ ਵਰੀਆਂ ਅਤੇ ਗਹਿਣੇ ਖ਼ਰੀਦਣ ਦੀ ਸਿਰਦਰਦੀ ਹਟ ਜਾਵੇਗੀ। ਇਹ ਸਾਰਾ ਕੰਮ ਫਿਰ ਉਹ ਆਪ ਹੀ ਕਰ ਲਿਆ ਕਰਨਗੇ ਅਤੇ ਕਰਨਗੇ ਵੀ ਵਧੀਆ। ਸੋ ਚੰਗਾ ਹੈ ਜੇ ਅਸੀਂ ਮਾਪੇ ਵੀ ਬਦਲਦੇ ਯੁੱਗ ਨਾਲ ਬਦਲਦੇ ਚਲੀਏ। ਮੈਨੂੰ ਪਤਾ ਹੈ ਮਾਪਿਆਂ ਲਈ ਇਹ ਕੰਮ ਕਿਤਨਾ ਕਠਨ ਹੈ ਪਰ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ। ਇਹ ਯੁਗ ਸੂਝਵਾਨ ਮੁੰਡੇ ਕੁੜੀਆਂ ਦਾ ਹੈ ਅਤੇ ਇਹ ਮਾਪਿਆਂ ਦਾ ਫ਼ਖਰ ਕਰਨ ਵਾਲਾ ਵਿਰਸਾ ਵੀ ਬਣ ਸਕਦਾ ਹੈ ਅਤੇ ਪੱਗ ਦਾ ਦਾਗ ਵੀ। ਚੋਣ ਅਸੀਂ ਆਪ ਕਰਨੀ ਹੈ।

□ □ □


ਭਾਰਤੀ ਆਰਟ ਜਿਊਲਰਜ਼

**ORIENTAL SILVER AND GOLD JEWELRY REPAIRING**



**New Store**
**9:00 a.m. to 6:30 p.m.**

# BHARTI ART JEWELLERS

***Specialist in East Indian Jewelry Craftware***

**RASIK PAREKH**
**Res.: 879-5610**
**Store: 874-9448**

**865 Kingsway nr. Fraser**
**Vancouver B.C., Canada**

**We Also Take Orders For**
**Marriage Party Photos and Group Photos**
**Contact Raj**

**INDIA'S FAMOUR TANDOORIE CHICKEN**

**SPECIAL NAAN SAMOSA BHATURA CHANNA**

***Weekend Special***

**MAKKI—DI-ROTTI & SAAG**

# Raja

*RESTAURANT LTD.*
(Licensed premises)

CATERING FOR
WEDDINGS & SMALL HOME PARTIES

For pick up
Phone 325-5014

**Indian Sweets**

7271 MAIN STREET (at 57th) VANCOUVER, B.C.

# Super Saver Grocery Store 6236 Fraser St Vancouver

ਹਰ ਕਿਸਮ ਦੀ ਤਾਜ਼ੀ ਗਰੋਸਰੀ ਖ਼ਰੀਦਣ
ਲਈ ਸਾਡੀ ਦੁਕਾਨ ਤੇ ਆਓ ਤੇ
ਜ਼ਰੂਰੀ ਗਰੋਸਰੀ ਤੋਂ ਇਲਾਵਾ ਸੌਦੇ
ਦਾ ਤਾਜ਼ਾ ਮਾਲ, ਅਤੇ ਬੱਚਿਆਂ ਵਾਲੇ
ਪਰਿਵਾਰ ਤੇ ਵਿਆਹ-ਸ਼ਾਦੀਆਂ ਤੇ ਦੇਣ
ਲਈ ਵਿਦਾਇਗੀਆਂ ਗਿਫ਼ਟ-ਵੇਅਰ
ਦੀ ਸੇਲ ਕਰਦੇ ਹਨ।


PAL

***Time: 9 a.m.-9 p.m.***
***Seven days a week.***

**Tel. Bus. 324-1838, Res. 278-5802**

**PHONE ANY TIME FOR**
**NEW & USED CARS and HALF TON TRUCKS**



# MAJER SINGH DHALIWAL

**CAR SALESMAN**

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਜੀ
ਬਜ਼ਾਰ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ
ਨੂੰ ਮਿਲੋ ਜੋ 641-LOUGHEED HWY. (NEAR LOUGHEED MALL)
COQUITLAM, ਵਿਚ ਕਾਰ ਸੇਲਜ਼ਮੈਨ ਹਨ। ਦਫ਼ਤਰ ਵਾਕਫ਼ੀ ਲਈ ਘਰ
594-2838 ਤੇ ਫੋਨ ਕਰੋ। ਗੈਰੇਜ ਵਿਚ ਪੁੱਜਕੇ ਮੈਨੇਜਰ ਨੂੰ ਕਹੋ
ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

**Bus.**
**937-7711**



**Res.**
**594-2838**

**GARY PONTIAC-BUICK & GMC LTD.**

Buying, selling or trading berry farms, homes, and for any other type of real estate need contact:

# Block Bros. Realty Ltd

**32641 South Fraser Way, Abbotsford**
**853-6411 – Direct Line 524-2215**



# PAUL GILL

**RES.: 826-9942**

"NAME SAYS IT ALL"

# LOW-COST

## Appliances & Refrigeration Ltd

**SALES & SERVICE**

We specialize in repairs to all makes and models of:

**WASHERS-DRYERS-STOVES-FREEZERS
REFRIDGERATORS
ELECTRIC WATER TANKS-DISHWASHERS**

- ਹਰ ਪ੍ਰਕਾਰ ਦੀਆਂ ਘਰੇਲੂ ਬਿਜਲੀ ਮਸ਼ੀਨਾਂ - ਵਾਸ਼ਰ, ਡਰਾਇਰ, ਫਰਿਜ, ਫਰੀਜ਼ਰ ਸਟੋਵ ਤੇ ਡਿਸ਼ਵਾਸ਼ਰ ਆਦਿ ਦੀ ਸਸਤੀ ਤੇ ਭਰੋਸੇ ਜੋਗ ਮੁਰੰਮਤ ਲਈ ਸਾਨੂੰ ਫੋਨ ਕਰੋ।
- ਪਰਧਾਨ ਸਿੰਘ ਤੱਖਰ ਨਾਲ ਪੰਜਾਬੀ ਚ ਹੀ ਗੱਲਬਾਤ ਕੀਤੀ ਜਾ ਸਕਦੀ ਹੈ
- ਨਵੀਆਂ ਤੇ ਮੁਰੰਮਤ ਸ਼ੁਦਾ ਮਸ਼ੀਨਾਂ ਖਰੀਦਣ ਲਈ ਦੁਕਾਨ ਵਿਚ।



ਪ੍ਰਧਾਨ ਸਿੰਘ ਤੱਖਰ

PARDHAN S. TAKHAR

Guaranteed Low Prices On:
ADMIRAL - DANBY - GENERAL FREEZER PRODUCTS

**PHONE: 584-6372**

9630 - 121st Street, Surrey, B.C. V3V 7A7

ਡੈਲਟਾ ਵਿੱਚ ਗਰੋਸਰੀ ਦੀ ਭਾਰੀ ਦੁਕਾਨ

# ਪੰਜਾਬ
# ਫੂਡ
# ਸਟੋਰ

1435 ਸਕਾਟ ਰੋਡ, ਡੈਲਟਾ

ਫੋਨ: 588-4911

ਜਿਥੇ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

ਹੋਰ ਜਾਣਕਾਰੀ ਲਈ
ਦੁਕਾਨ ਵਿਚ ਜਾਂ ਫੋਨ ਕਰੋ!

**588-4911**

*BUYING AND SELLING ANY TYPE OF PROPERTY?*

*FOR EXPERIENCED AND PROFESSIONAL ADVICE CONTACT:*

**RES.:**
**524-5276**

**OFF.:**
**872-0131**

ਰੀਅਲ ਇਸਟੇਟ ਵਿੱਚ
ਤੁਹਾਡੇ ਸਹਾਇਕ:
ਨਾਇਬ ਬਰਾੜ



# NAIB S. BRAR

**MARS REALTY**

**1437 Kingsway
Vancouver, B.C.**

# GABA TRAVELS

**4270 FRASER STREET
VANCOUVER
PHONE: 876-0812
or 876-8121
(RAVINDER GABA)**



*We have special groups going to INDIA, FIJI, HONGKONG and CHARTERED FLIGHTS to London.*

Indian, Fijian and Canadian Passports are also arranged.

For your friends or relatives coming from India as visitors or immigrants, we have the following offices in India to serve you better:

1. NURMAHAL (Jullundur) phone 49.
2. ROXY HOTEL BLDG. (Jullundur) phone P.P. 5370 and 7018.
3. JANDIALA (Jullundur).
4. 5-L Connought Circus, New Delhi Phone 46459

**Contact: Mr. Manohar Lal Gaba)**

# "ਆਗੇ ਆਗੇ ਵੇਖੀਏ...।"

ਇਮ੍ਰਤ ਸਿੰਘ ਸੋਢੀ



ਜਿਥੇ ਕਿਤੇ ਡਿਕਟੇਟਰਸ਼ਿਪ ਹੋਂਦ ਵਿਚ ਆਈ ਹੈ, ਪਹਿਲਾ ਮੈਕਾਰਥੀ ਵਰਗੇ ਆਮਰੀਕੀ ਪੈਦਾ,ਹੁੰਦੇ ਰਹੇ ਹਨ। ਜਰਮਨੀ ਵਿਚ ਨਾਜ਼ੀਆਂ ਦੇ ਸੱਤਾਧਾਰੀ ਹੋਣ ਤੋਂ ਪਹਿਲਾਂ ਦਾਂਤੇ ਜਿਹੇ ਕੈਥੋਲਿਕ ਲੇਖਕਾਂ ਤੋਂ ਲੈ ਕੇ ਮਾਰਕਸ ਜਿਹੇ ਇਨਕਲਾਬੀਆਂ ਤੱਕ ਦੀਆਂ ਰਚਨਾਵਾਂ ਬਰਲਨ ਦੇ ਚੌਰਾਹਿਆਂ ਵਿਚ ਸ਼ਰੇਆਮ ਫੂਕੀਆਂ ਗਈਆਂ ਸਨ। ਮੈਕਾਰਥੀ ਦਾ ਪਰਛਾਵਾਂ ਭਾਰਤ ਉਤੇ ਵੀ ਪੈਣ ਲਗਾ ਹੈ।

ਸਾਡੇ ਏਥੇ ਪੰਜਾਬ ਵਿਚ ਢਾਈ ਸਾਲ ਪਹਿਲਾਂ ਇਕ ਨਿੱਕਾ ਜਿਹਾ ਡਰਾਮਾ ਇਹਨਾਂ ਲੀਹਾਂ ਉਤੇ ਹੀ ਖੇਡਿਆ ਗਿਆ ਸੀ, ਜਦ ਕੁਝ ਇਕ ਸੰਪਰਦਾਇਕ-ਰੂੜ੍ਹੀਵਾਦੀ ਤੱਤਾਂ ਨੇ ਡਾ: ਫੌਜਾ ਸਿੰਘ ਦੇ ਉਸ ਲੇਖ ਬਾਰੇ ਵਾਵੇਲਾ ਸ਼ੁਰੂ ਕੀਤਾ ਜੋ ਕੇਵਲ ਉਹਨਾਂ ਕੁਝ ਤੱਥਾਂ ਉਤੇ ਆਧਾਰਤ ਸੀ ਜੋ ਸਾਡੀਆਂ ਹੀ ਯੂਨੀਵਰਸਿਟੀਆਂ ਵਿਚ ਪਈਆਂ ਹੋਈਆਂ ਇਤਿਹਾਸ-ਪੁਸਤਕਾਂ ਵਿਚ ਆਮ ਮਿਲਦੇ ਹਨ। ਪਰ ਉਸ ਸਮੇਂ ਤਾਂ ਇਹਨਾਂ ਲੋਕਾਂ ਨੂੰ ਵਧੇਰੇ ਕੌੜ ਇਸ ਗੱਲ ਦੀ ਸੀ ਕਿ 'ਸਾਡੀਆਂ' ਹੀ ਯੂਨੀਵਰਸਿਟੀਆਂ ਦੀਆਂ ਪੱਤਰਕਾਵਾਂ ਵਿਚ ਸਾਡੇ ਹੀ ਮੁਲਾਜ਼ਮ, ਸਾਡੇ ਹੀ ਗੁਰੂਆਂ ਬਾਰੇ ਤੇ ਫੇਰ 'ਸਾਡੀ ਹੀ ਭਾਸ਼ਾ' ਵਿਚ ਅਜਿਹੀਆਂ ਗੱਲਾਂ ਲਿਖਣ ਵਾਲੇ ਕੌਣ ਹੋਣ ? ਇਸ ਵਧੀਕੀ ਦੇ ਵਿਰੁਧ ਕੁਝ ਦਿਨਾਂ ਬਾਅਦ ਅੰਮ੍ਰਿਤਸਰ ਦੇ ਇਕ ਹਾਲ ਵਿਚ ਪ੍ਰੋਟੈਸਟ ਮੀਟਿੰਗ ਹੋਈ ਤਾਂ ਮਰਯਾਦਾ ਦੇ ਮੈਕਾਰਥੀਆਂ ਨੇ ਸ਼ਸਤਰ-ਧਾਰੀ ਨਿਹੰਗਾਂ ਨੂੰ ਨਾਲ ਲਿਆ ਕੇ ਤਾਕਤ ਦਾ ਵੀ ਮੁਜ਼ਾਹਰਾ ਕੀਤਾ।

ਇਸ ਸਾਲ ਜਿੰਨ੍ਹਾਂ ਦੇ ਹੱਥ ਕੇਂਦਰੀ ਸੱਤਾ ਆਈ ਹੈ ਉਹਨਾਂ ਵਿਚ ਮੈਕਾਰਥੀ ਦੇ ਭਾਰਤੀ ਭਰਾ ਵੀ ਹਨ। ਉਹਨਾਂ ਮੁੜ ਉਹੀ ਡਰਾਮਾ ਹੁਣ ਵਡੇਰੀ ਕਾਸਟ ਨਾਲ ਸ਼ੁਰੂ ਕੀਤਾ ਹੈ ਜਿਸ ਦੀ ਇਕ ਝਾਕੀ ਢਾਈ ਸਾਲ ਪਹਿਲਾਂ ਵੇਖਣ ਨੂੰ ਮਿਲੀ ਸੀ। ਇਸ ਡਰਾਮੇ ਦੀ ਥੀਮ ਇਹ ਹੈ ਕਿ ਇਤਿਹਾਸ ਤੇ ਰਾਜਨੀਤੀ ਸ਼ਾਸਤਰ ਦੀਆਂ ਕੁਝ ਪੁਸਤਕਾਂ ਜੋ ਦੇਸ਼ ਦੇ ਕੇਂਦਰੀ ਸਕੂਲਾਂ (Central Schools) ਦੇ ਕੋਰਸਾਂ ਵਿਚ ਸ਼ਾਮਲ ਸਨ ਉਹ ਅਜਿਹੇ ਲੇਖਕਾਂ ਦੁਆਰਾ ਲਿਖੀਆਂ ਗਈਆਂ ਹਨ ਜੋ ਇਤਿਹਾਸ ਅਤੇ ਰਾਜਨੀਤੀ-ਵਿਗਿਆਨ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਵੇਖਦੇ ਹਨ। ਕਿਹਾ ਜਾਂਦਾ ਹੈ ਕਿ ਇਸ ਡਰਾਮੇ ਦੇ ਸੂਤਰਧਾਰ ਸ੍ਰੀ ਨਾਨਾ ਜੀ ਦੇਸ਼ਮੁਖ ਦੇ ਮਨ ਵਿਚ ਤਾਂ ਇਹ ਹੈ ਕਿ ਇਤਿਹਾਸ ਅਤੇ ਰਾਜਨੀਤੀ ਵਿਗਿਆਨ ਨੂੰ ਕੇਵਲ ਉਹਨਾਂ ਦੇ ਹੀ ਦ੍ਰਿਸ਼ਟੀਕੋਣ ਨਾਲ ਵੇਖਿਆ ਜਾਣਾ ਚਾਹੀਦਾ ਹੈ, ਅਥਵਾ ਕੋਈ ਹੋਰ ਦ੍ਰਿਸ਼ਟੀਕੋਣ ਦੇਸ਼ ਦੇ ਯੁਵਕਾਂ ਲਈ ਘਾਤਕ ਸਿਧ ਹੋਵੇਗਾ। ਪਰ ਲਿੱਪਾ-ਪੋਚੀ ਲਈ ਉਹਨਾਂ ਨੇ ਇਹਨਾਂ ਪੁਸਤਕਾਂ ਵਿਚ ਉਦਾਹਰਨ ਦੀ ਪ੍ਰਸੰਗ ਨਾਲੋਂ ਤੋੜ ਕੇ "ਦਲੀਲਾਂ" ਦੇ ਤੌਰ 'ਤੇ ਪੇਸ਼ ਕੀਤੇ ਹਨ। ਸੁਣਿਆ ਇਹ ਵੀ ਗਿਆ ਹੈ ਕਿ ਪ੍ਰਧਾਨ-ਮੰਤਰੀ ਦੇ ਕਾਰਯਾਲੇ ਨੇ ਇਹ "ਦਲੀਲਾਂ" ਸੁਣ ਕੇ ਹਰੀ-ਝੰਡੀ ਵਿਖਾਈ ਜਿਸ ਦੇ ਨਤੀਜੇ ਦੇ ਤੌਰ 'ਤੇ ਕੇਂਦਰ ਦੇ ਵਿਦਿਆ ਮੰਤਰਾਲੇ ਨੇ ਹੇਠ ਲਿਖੀਆਂ ਚਾਰ ਪੁਸਤਕਾਂ ਕੋਰਸਾਂ ਵਿਚੋਂ ਕਢਵਾ ਦਿਤੀਆਂ ਹਨ :

1. ਡਾ: ਰੋਮਿਲਾ ਥਾਪਰ : Medieval India (ਮਧ ਕਾਲੀਨ ਭਾਰਤ), NCERT ਪ੍ਰਕਾਸ਼ਨ।
2. ਬਿਪਨ ਚੰਦਰ : Modern India (ਆਧੁਨਿਕ ਭਾਰਤ), NCERT ਪ੍ਰਕਾਸ਼ਨ।
3. ਅਮਲੇਸ਼ ਤ੍ਰਿਪਾਠੀ, ਬਰੁਨ ਡੇ, ਬਿਪਨ ਚੰਦਰ : Freedom Struggle ( ਸੁਤੰਤਰਤਾ-

ਸੰਗਰਾਮ'), ਨੈਸ਼ਨਲ ਬੁਕ ਟਰੱਸਟ ਪ੍ਰਕਾਸ਼ਨ ।

4. ਰੋਮਿਲਾ ਥਾਪਰ, ਹਰਬੰਸ ਮੁਖੀਆ, ਬਿਪਨ ਚੰਦਰ : Communalism & Writing of Indian History (ਸੰਪਰਦਾਇਕਤਾ ਅਤੇ ਭਾਰਤੀ ਇਤਿਹਾਸ ਦਾ ਲੇਖਣ-ਕਾਰਜ) ਪੀਪਲਜ਼ ਪਬਲਿਸ਼ਿੰਗ ਹਾਊਸ ਪ੍ਰਕਾਸ਼ਨ ।

ਇਹਨਾਂ ਵਿਚ ਪਹਿਲੀਆਂ ਤਿੰਨ ਪੁਸਤਕਾਂ ਦਾ ਪ੍ਰਕਾਸ਼ਨ ਸਰਕਾਰੀ ਸੰਸਥਾਵਾਂ National Council of Education & Research Training (NCERT) ਅਤੇ 'ਨੈਸ਼ਨਲ ਬੁਕ ਟ੍ਰਸਟ' ਵਲੋਂ, ਇਸੇ ਦੇ ਮਾਹਰਾਂ ਦੇ ਸੰਪਾਦਕੀ ਬੋਰਡਾਂ ਦੀ ਨਿਗਰਾਨੀ ਹੇਠ ਹੋਇਆ ਜਿਨ੍ਹਾਂ ਵਿਚ ਮੁਹੰਮਦ ਹਬੀਬ, ਡਾ: ਤਾਰਾ ਚੰਦ, ਐਸ. ਗੋਪਾਲ ਅਤੇ ਸਤੀਸ਼ ਚੰਦਰ ਜਿਹੇ ਉਘੇ ਨਾਮ ਹਨ । ਇਹਨਾਂ ਪੁਸਤਕਾਂ ਬਾਰੇ ਏਤਰਾਜ਼ ਉਠਾਉਣ ਵਾਲਿਆਂ ਨੇ ਆਮ ਤੌਰ 'ਤੇ ਪ੍ਰਸੰਗ ਵਿਚੋਂ ਕੁਝ ਟੂਕਾਂ ਵਖਰੀਆਂ ਕਢ ਕੇ ਉਹਨਾਂ ਉਤੇ ਕਿੰਤੂ ਕੀਤਾ ਅਤੇ ਲੇਖਕਾਂ ਦੇ ਪੱਖ ਨੂੰ ਭੰਡਿਆ ਹੈ ।

ਉਦਾਹਰਣ ਦੇ ਤੌਰ 'ਤੇ Medieval India ਦੀ ਇਸ ਟੂਕ ਉਤੇ ਕਿੰਤੂ ਹੈ ਜਿਥੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਬਾਰੇ ਇਹ ਕਿਹਾ ਗਿਆ ਹੈ ਕਿ "ਸਿਖਾਂ ਦੀ ਤਾਕਤ ਵਧ ਰਹੀ ਸੀ ਅਤੇ ਇਸ ਤਾਕਤ ਨੂੰ ਕੁਚਲਣ ਲਈ ਮੁਗਲ ਪ੍ਰਬੰਧਕਾਂ ਨੇ 1675 ਵਿਚ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਹੁਕਮ ਜਾਰੀ ਕੀਤਾ ।" (ਪੰਨਾ 157)

ਇਸ ਗੱਲ ਉਤੇ ਕਿੰਤੂ ਇਹ ਕੀਤਾ ਗਿਆ ਹੈ ਕਿ ਇਸ ਦੀ ਬਜਾਏ ਇਹ ਕਿਉਂ ਨਹੀਂ ਕਿਹਾ ਗਿਆ ਕਿ ਔਰੰਗਜ਼ੇਬ ਨੇ ਧਰਮ ਦੀ ਬਿਨਾ ਉਤੇ ਇਹ ਸ਼ਹਾਦਤ ਕਰਵਾਈ ਸੀ । ਕਿੰਤੂਕਾਰਾਂ ਅਨੁਸਾਰ ਜੇ ਇਹ ਸ਼ਹੀਦੀ ਧਰਮ ਦੇ ਵਿਤਕਰੇ ਕਰਕੇ ਹੋਈ ਤਾਂ ਸਵਾਲ ਉਠਦਾ ਹੈ ਕਿ ਗੁਰੂ ਹਰਿ ਰਾਏ ਦੇ ਲੜਕੇ ਰਾਮ ਰਾਏ ਨੂੰ ਔਰੰਗਜ਼ੇਬ ਨੇ ਤੰਗ ਕਰਨ ਦੀ ਥਾਂ ਡੇਰਾਦੂਨ ਦੀ ਜਾਗੀਰ ਨਾਲ ਕਿਉਂ ਨਿਵਾਜਿਆ, ਕਿਉਂਕਿ ਰਾਮ ਰਾਏ ਵੀ ਤਾਂ ਆਪਣੇ ਆਪ ਨੂੰ ਸਿੱਖਾਂ ਦਾ ਅਸਲੀ ਗੁਰੂ ਹੀ ਸਮਝਦਾ ਸੀ ? ਏਸੇ ਪੁਸਤਕ ਦੇ ਪੰਨਾ 151-52 ਉਤੇ ਸਿੱਖ ਲਹਿਰ ਦਾ ਇਕ ਰਾਜਨੀਤਕ ਤਾਕਤ ਦੇ ਤੌਰ 'ਤੇ ਉਭਾਰ ਬਿਆਨ ਕੀਤਾ ਗਿਆ ਹੈ ਜਿਸ ਦੇ ਪਰੀਨਾਮ-ਰੂਪ ਹੀ ਇਸ ਸ਼ਹੀਦੀ ਦਾ ਬਿਆਨ ਪੰਨਾ 157 ਉਤੇ ਹੈ । ਇਸ ਤਰ੍ਹਾਂ ਸੰਪਰਦਾਇਕ ਤੱਤ ਉਸੇ ਲਕੀਰ ਨੂੰ ਪਿਟਣ ਉਤੇ ਜ਼ੋਰ ਦੇਂਦੇ ਹਨ ਜੋ ਵਖ ਵਖ ਧਰਮਾਂ ਤੇ ਫਿਰਕਿਆਂ ਦੇ ਲੋਕਾਂ ਨੂੰ ਵੰਡਦੀ ਅਤੇ ਉਹਨਾਂ ਵਿਚ ਫਿਰਕੂ ਜ਼ਹਿਰ ਭਰਦੀ ਹੈ ।

ਪੁਰਾਤਨ-ਪੰਥੀ ਕਿੰਤੂਕਾਰਾਂ ਦਾ ਇਕ ਹੋਰ ਏਤਰਾਜ਼ ਇਹ ਹੈ ਕਿ 'Medieval India' (ਮਧਕਾਲੀਨ ਭਾਰਤ) ਵਿਚ ਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਦੀ ਪ੍ਰਸ਼ੰਸਾ "ਅਤੀਤ ਗੌਰਵ" (glorification of our Past) ਵਾਲੇ ਢੰਗ ਨਾਲ ਕਿਉਂ ਨਹੀਂ ਕੀਤੀ ਗਈ ਅਤੇ ਇਹ ਕਿਉਂ ਕਿਹਾ ਗਿਆ ਹੈ ਕਿ "ਅਕਬਰ ਸਾਰੇ ਭਾਰਤ ਨੂੰ ਇਕ ਸਮਝਦਾ ਸੀ ਅਤੇ ਸਾਰੇ ਭਾਰਤ ਉਤੇ ਹੀ ਕਬਜ਼ਾ ਕਰਨਾ ਚਾਹੁੰਦਾ ਸੀ ।" (ਪੰਨਾ 122) ਪ੍ਰਤੱਖ ਹੈ ਕਿ ਏਤਰਾਜ਼ ਕਰਨ ਵਾਲੇ ਸਮਝਦੇ ਹਨ ਕਿ ਸਾਰੇ ਭਾਰਤ ਨੂੰ ਇਕ ਸਮਝਣ ਅਤੇ ਇਕ ਕਰਨ ਦਾ ਠੇਕਾ ਕੇਵਲ ਉਹਨਾਂ ਨੇ ਹੀ ਲਿਆ ਹੈ ਅਤੇ ਕੋਈ ਮੁਗਲ ਬਾਦਸ਼ਾਹ, ਆਪਣੇ ਹਿੱਤ ਲਈ ਵੀ, ਅਜਿਹਾ ਨਹੀਂ ਸੀ ਸਮਝ ਸਕਦਾ ਜਾਂ ਕਰ ਸਕਦਾ ।

ਉਹਨਾਂ ਨੂੰ ਇਸ ਗੱਲ ਉਤੇ ਵੀ ਏਤਰਾਜ਼ ਹੈ ਕਿ ਪੁਸਤਕ ਵਿਚ ਇਹ ਕਿਉਂ ਕਿਹਾ ਗਿਆ ਹੈ ਕਿ "ਸ਼ਿਵਾ ਜੀ ਦੀ ਸਫਲਤਾ ਦੇ ਕਾਰਨ ਇਹ ਸਨ ਕਿ ਮੁਗਲਾਂ ਦਾ ਦਖਣ ਉਤੇ ਪੂਰਾ ਕੰਟਰੋਲ ਨਹੀਂ ਸੀ ਅਤੇ ਮਰਾਠਿਆਂ ਦਾ ਮਾਲ-ਪ੍ਰਬੰਧ ਵੀ ਮੁਗਲਾਂ ਨਾਲੋਂ ਚੰਗੇਰਾ ਸੀ ।" ਇਸ ਸਫਲਤਾ ਦਾ ਕਾਰਨ 'ਗੁਰੀਲਾ ਯੁਧ' (ਪੰਨਾ 148) ਅਤੇ ਸ਼ਕਤੀਸ਼ਾਲੀ ਮਰਾਠਾ ਰਾਜ ਸਥਾਪਤ ਕਰਨ ਵਿਚ ਸ਼ਿਵਾ ਜੀ ਦਾ ਰੋਲ (ਪੰਨਾ 149) ਹੀ ਕਿਉਂ ਦੱਸੇ ਗਏ ਹਨ ਅਤੇ ਸ਼ਿਵਾ ਜੀ ਦੀ ਇਸ ਵਿਸ਼ੇਸ਼ਤਾ ਦੀ ਪ੍ਰਸ਼ੰਸਾ ਕਿਉਂ ਨਹੀਂ ਕੀਤੀ ਗਈ ਕਿ ਕਿਵੇਂ ਉਸ ਨੇ ਆਪਣੇ ਵਿਰੋਧੀ ਕੱਟੜਪੰਥੀ ਨਾਲ ਲੋਹਾ ਲ ਲਿਆ ਅਤੇ 'ਧਰਮ-ਯੁਧ' ਲੜਿਆ ।

'Modern India' (ਆਧੁਨਿਕ ਭਾਰਤ) ਵਿਚ ਲੇਖਕ ਨੇ 'ਖਾੜਕੂ ਰਾਸ਼ਟਰਵਾਦ' (Militant Nationalism) ਦਾ ਇਤਿਹਾਸ ਦੱਸਦੇ ਹੋਏ ਸਾਰੇ ਪੱਖਾਂ ਤੋਂ ਇਸ ਦਾ ਮੁਲਾਂਕਨ ਕੀਤਾ ਹੈ । ਉਸ ਦਾ ਇਹ ਪੱਖ ਵੀ ਸਾਹਮਣੇ ਆਇਆ ਹੈ ਕਿ ਕਿਵੇਂ ਰਾਸ਼ਟਰੀ ਇਨਕਲਾਬੀ ਇਕ ਪਾਸੇ ਆਇਰਲੈਂਡ, ਰੂਸ ਤੇ ਇਟਲੀ ਦੀਆਂ ਕੌਮੀ ਤੇ ਇਨਕਲਾਬੀ ਲਹਿਰਾਂ ਤੋਂ ਪ੍ਰਭਾਵਤ ਹੋਏ ਸਨ ਅਤੇ ਦੂਜੇ ਪਾਸੇ 'ਕਾਲੀ' ਤੇ 'ਭਵਾਨੀ' ਦੇ ਮੱਤ (cult) ਵਿਚ ਵੀ ਵਿਸ਼ਵਾਸ ਕਰਦੇ ਅਤੇ ਗੀਤਾ-ਅਧਿਐਨ ਕਰਕੇ 'ਭਾਰਤ-ਮਾਤਾ' ਦੀ ਸਹੁੰ ਖਾ ਕੇ ਆਪਣੇ ਕੰਮ ਵਿਚ ਜੁਟਦੇ ਸਨ, ਜਿਸ ਦੇ ਕਾਰਨ ਕਈ ਮੁਸਲਮਾਨ ਦੇਸ਼-ਪ੍ਰਸਤ ਉਹਨਾਂ ਤੋਂ ਦੂਰ ਹੁੰਦੇ ਗਏ ...ਪਰ ਫੇਰ ਵੀ ਹਸਰਤ ਮੋਹਾਨੀ ਅਤੇ ਨੌਜਵਾਨ ਮੁਹੰਮਦ ਅਲੀ ਜਿਨਾਹ ਆਦਿ ਨੈਸ਼ਨਲ ਕਾਂਗਰਸ ਵੱਲ ਆਏ... (ਪੰਨਾ 253)


**SHAKTI GIFT**

**6576 MAIN STREET, VANCOUVER, B.C.**

**321-2912**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

ਇਸ ਤਰ੍ਹਾਂ ਦੀਆਂ ਟੂਕਾਂ ਸਮੁਚੇ ਪ੍ਰਸੰਗ ਵਿਚੋਂ ਤੋੜ ਕੇ ਕਿੱਤੂਕਾਰਾਂ ਨੇ ਆਪਣੇ ਵਲੋਂ ਵਿਦਵਾਨ ਲੇਖਕਾਂ ਦੇ ਵਿਰੁਧ ਪੂਰਾ ਕੇਸ ਤਿਆਰ ਕੀਤਾ । ਪ੍ਰਧਾਨ ਮੰਤਰੀ ਨੂੰ ਆਪਣੇ ਨਾਲ ਸਹਿਮਤ ਕਰਾਉਣ ਲਈ ਰਾਜਸੀ-ਸਮਾਜਕ ਜੀਵਨ ਵਿਚ ਹਿੰਸਾ ਦੇ ਸਮਰਥਕਾਂ ਨੇ ਲੇਖਕਾਂ ਵਿਰੁਧ ਇਹ ਇਤਰਾਜ਼ ਕੀਤਾ ਕਿ 'Communalism & Writing of Indian History' ਵਿਚ ਗਾਂਧੀਵਾਦ ਵਿਰੁਧ ਇਹ ਲਿਖਿਆ ਗਿਆ ਹੈ ਕਿ "ਅਹਿੰਸਾ ਨੂੰ ਕੇਵਲ ਇਕ ਦਾਰਸ਼ਨਿਕ ਸਿਧਾਂਤ ਦੇ ਤੌਰ 'ਤੇ ਹੀ ਮੰਨਿਆ ਗਿਆ ਹੈ, ਪਰ ਅਮਲ ਵਿਚ ਉਹ ਗੱਲ ਨਹੀਂ ਹੈ ।" (ਪੰਨਾ 13) ਪੁਸਤਕ ਵਿਚ ਤਾਂ ਇਹ ਹਵਾਲਾ ਪੁਰਾਤਨ ਭਾਰਤ ਵਿਚ ਅਹਿੰਸਾ ਅਤੇ ਬੁਧ-ਜੈਨ ਧਰਮਾਂ ਦੇ ਪ੍ਰਸੰਗ ਵਿਚ ਦਿਤਾ ਗਿਆ ਸੀ, ਪਰ ਚੁਸਤ ਕਿੱਤੂਕਾਰਾਂ ਨੇ ਇਸ ਟੂਕ ਨੂੰ ਪ੍ਰਸੰਗ ਨਾਲੋਂ ਕੱਟ ਕੇ ਬਿਲਕੁਲ ਵਖਰੇ ਰੰਗ ਵਿਚ ਪੇਸ਼ ਕੀਤਾ ਜਿਵੇਂ ਕਿ ਇਹ ਕੁਝ ਗਾਂਧੀਵਾਦ ਦੇ ਪ੍ਰਸੰਗ ਵਿਚ ਕਿਹਾ ਗਿਆ ਹੋਵੇ ।

ਇਤਿਹਾਸ ਦੀ ਵਿਆਖਿਆ ਸੰਬੰਧੀ ਦਿੱਲੀ ਵਿਖੇ ਪਿਛੇ ਜਿਹੇ ਹੋਈ ਇਕ ਮੀਟਿੰਗ ਵਿਚ ਕਿੱਤੂਕਾਰਾਂ ਦੇ ਪ੍ਰਤੀਨਿਧੀਆਂ (ਸ੍ਰੀ ਬਲਰਾਜ ਮਧੋਕ ਅਤੇ ਸੁਬਰਾਮਨੀਅਮ ਸਵਾਮੀ) ਨੇ ਆਪਣਾ ਪੱਖ ਪੇਸ਼ ਕੀਤਾ, ਪਰ ਦਰਸ਼ਕਾਂ ਦਾ ਕਹਿਣਾ ਹੈ ਕਿ ਉਹਨਾਂ ਪਾਸ ਦਲੀਲ ਅਤੇ ਤਰਕ ਦੀ ਘਾਟ ਸੀ ।[2] ਅਗਲੇ ਦਿਨ ਦੇ ਅਖ਼ਬਾਰ ਵਿਚ ਸ਼ਬਦ "ਹਿੰਦੂ" ਦੀ ਵਿਉਤਪਤੀ ਦੱਸਦੇ ਹੋਏ ਬਲਰਾਜ ਮਧੋਕ ਤਾਂ ਇਹ ਕਹਿ ਗਏ ਕਿ "ਹਰੇਕ ਭਾਰਤੀ ਹਿੰਦੂ ਹੈ ।"[3] ਇਹ ਠੀਕ ਹੈ ਕਿ "ਸਿੰਧੂ" (ਸੰਸਕ੍ਰਿਤ ਸ਼ਬਦ ਜਿਸ ਦਾ ਅਰਥ ਹੈ 'ਨਦੀ') ਤੋਂ ਹਿੰਦੂ, ਇੰਦੂ, ਇੰਡੋ, ਇੰਡੀਆ, ਇੰਡਿਸਕਾ, ਇੰਡਿਕਾ ਆਦਿ ਸ਼ਬਦ ਹੋਂਦ ਵਿਚ ਆਏ ਅਤੇ ਯੂਰਪੀਨ ਲੋਕ ਸਦੀਆਂ ਤੱਕ ਹਰੇਕ ਭਾਰਤੀ ਨੂੰ 'ਇੰਡ' ਜਾਂ 'ਹਿੰਦੂ' ਸਮਝਦੇ ਜਾਂ ਕਹਿੰਦੇ ਰਹੇ ਹਨ, ਪਰ ਜਿਸ ਪ੍ਰਸੰਗ ਵਿਚ ਅੱਜ ਇਹ ਸ਼ਬਦ ('ਹਿੰਦੂ') ਭਾਰਤ ਵਿਚ ਵਰਤਿਆ ਜਾਂਦਾ ਹੈ, ਹਰੇਕ ਭਾਰਤੀ ਨੂੰ ਹਿੰਦੂ ਕਹਿਣਾ ਜਾਂ ਸਮਝਣਾ ਇਕ ਅਜਿਹੇ ਪੁਆੜੇ ਦੀ ਜੜ੍ਹ ਖੜੀ ਕਰਨਾ ਹੈ ਜਿਸਨੂੰ ਕੱਟਣਾ ਜਾਂ ਸੰਭਾਲਣਾ ਮੁਸ਼ਕਲ ਹੋ ਜਾਵੇਗਾ ।

ਇਹ ਗੱਲ ਹੁਣ ਦਿੱਲੀ ਜਾਂ ਇਸਦੀਆਂ ਯੂਨੀਵਰਸਟੀਆਂ ਤੱਕ ਹੀ ਸੀਮਤ ਨਹੀਂ ਰਹੀ । ਇਸ ਸਾਲ ਕੁਰੂਕਸ਼ੇਤਰ ਯੂਨੀਵਰਸਟੀ ਦੇ ਬੀ. ਏ. (ਪਹਿਲਾ ਸਾਲ) ਕੋਰਸ ਵਿਚ ਜਾਰਜ ਆਰਵੈੱਲ ਦਾ ਨਾਵਲ "Animal Farm" ਪਾਠ-ਪੁਸਤਕ ਦੇ ਤੌਰ 'ਤੇ ਲਗਾਇਆ ਗਿਆ ਹੈ । ਰਾਜਨੀਤਕ ਪ੍ਰਤੀਕਾਵਲੀ ਨੂੰ ਮੁਖ ਰਖ ਕੇ ਲਿਖਿਆ ਗਿਆ ਅਜਿਹਾ ਨਾਵਲ ਅੱਵਲ ਤਾਂ ਨਿੱਚੀ ਕਲਾਸ ਵਿਚ ਲਗਾਉਣਾ ਹੀ ਗ਼ਲਤ ਹੈ (ਕਿਉਂਕਿ 'ਲਿਖੇ ਮੂਸਾ ਤੇ ਪੜ੍ਹੇ ਖ਼ੁਦਾ' ਵਾਲੀ ਗੱਲ ਬਣਦੀ ਹੈ) ਪਰ ਖ਼ਾਸ ਗੱਲ ਇਹ ਵੀ ਹੈ ਕਿ ਇਹ ਨਾਵਲ ਕਮਿਊਨਿਸਟ-ਵਿਰੋਧੀ ਹੈ ।[4] ਇਸ ਸੰਬੰਧੀ ਹਰਿਆਨਾ ਦੇ ਲੇਖਕਾਂ ਨੇ ਜਦ ਬਿਆਨ ਦਿਤਾ ਕਿ ਇਸ ਨੂੰ ਕੋਰਸ ਵਿਚੋਂ ਹਟਾਇਆ ਜਾਏ ਤਾਂ ਇਕ ਪ੍ਰਸਿਧ ਦੈਨਿਕ ਨੇ ਇਸ ਦੇ ਕਮਿਊਨਿਸਟ-ਵਿਰੋਧੀ ਨਾ ਹੋਣ ਬਾਰੇ ਟਿਪਣੀ ਦੇ ਦਿਤੀ ।[5]

ਗੱਲ ਬੜੀ ਸਪੱਸ਼ਟ ਹੈ । ਭਾਰਤ ਦੀ ਮੌਕਾਪ੍ਰਸਤ ਬਰਾਦਰੀ ਨੇ ਜਿਸ ਤਰ੍ਹਾਂ ਪ੍ਰਗਤੀਸ਼ੀਲ ਤੇ ਵਿਗਿਆਨਕ ਦ੍ਰਿਸ਼ਟੀ ਵਾਲੇ ਤੱਤ ਦੇ ਵਿਰੁਧ ਇਕ ਸੰਗਠਤ ਹੱਲਾ ਸ਼ੁਰੂ ਕੀਤਾ ਹੈ ਉਸ ਬਦਨੀਤੀ ਦੇ ਵਿਰੁਧ ਸਾਵਧਾਨ ਹੋਣ ਅਤੇ ਲੋਕ-ਰਾਏ ਸੰਗਠਤ ਕਰਨ ਦੀ ਜਿੰਨੀ ਲੋੜ ਅੱਜ ਹੈ, ਪਿਛਲੇ ਤੀਹਾਂ ਸਾਲਾਂ ਵਿਚ ਪਹਿਲਾਂ ਕਦੇ ਨਹੀਂ ਸੀ ਹੋਈ ।

1. NCERT ਵਲੋਂ ਉਹਨਾਂ ਸਭ ਇਤਰਾਜ਼ਾਂ ਦਾ ਜਵਾਬ ਦਿਤਾ ਗਿਆ ਹੈ ਜੋ ਕਿੱਤੂਕਾਰਾਂ ਨੇ ਇਹਨਾਂ ਪੁਸਤਕਾਂ ਬਾਰੇ ਕੀਤੇ । ਇਹਨਾਂ ਬਾਰੇ ਇਕ ਚਰਚਾ Economic & Political Weekly (17.9.77) ਵਿਚ ਵੀ ਹੋਈ ਹੈ ।

2. Statesman', Delhi ed,, dtd. 26.9.77

3. Statesman, dtd. 29.9.77 ('Letters to the Editor' column)

4. "The teacher finds it difficult to enlighten the students on the subtleties of the novel. The animal characters in the novel refer to Communist leaders who can be easily identified" (The Tribune, dtd. 4.10.77)

5. "The protest of the Punjabi Lekhak Sabha, Haryana...against the introduction of "Animal Farm," a novel by George Orwell in the Kurukshetra University, is amusing because the book is not anti-communist. It is against the elite, that smug tribe which feathers its own nest without bothering about the misery in which most people live." (Indian Express, Chandigarh, 3.10.77)

ਸਥਾਈ ਕਾਲਮ
## ਸੰਜੀਵਨੀ ਬੂਟੀ
(ਹਾਸ ਰਸ)



**ਹਾਸ ਵਿਅੰਗ**

# ਸਦਕੇ ਜਾਈਏ–ਮੂਰਖਾਂ ਤੋਂ

**ਅਨੰਤ ਸਿੰਘ ਕਾਬਲੀ**

ਵੈਸੇ ਤਾਂ ਤੁਸੀਂ ਸਦਕੇ ਜਾਉ ਭਾਵੇਂ ਨਾ ਜਾਉ, ਮੂਰਖਾ ਨੂੰ ਕੋਈ ਫ਼ਰਕ ਨਹੀਂ ਪੈਂਦਾ। ਪਰ ਇਹ ਤਾਂ ਸਾਰੇ ਸਿਆਣੇ ਤੇ ਅਕਲਮੰਦ ਲੋਕਾਂ ਦਾ ਫ਼ਰਜ਼ ਹੈ ਕਿ ਉਹ ਸਾਰੇ ਮੂਰਖਾਂ ਤੋਂ ਵਾਰੇ ਵਾਰੇ ਜਾਣ, ਕਿਉਂਕਿ ਜੇ ਦੁਨੀਆਂ ਵਿਚ ਮੂਰਖ ਨਾ ਹੋਣ ਤਾਂ ਸਿਆਣੇ ਬੰਦੇ ਇਤਨਾ ਬੋਰ ਹੋਣ, ਇਤਨਾ ਬੋਰ ਹੋਣ ਕਿ ਉਹ ਪਾਗਲ ਬਣ ਜਾਣ। ਅਕਲਮੰਦ ਤਾਂ ਜੀਉਂਦੇ ਹੀ ਬੇਵਕੂਫਾਂ ਦੇ ਸਿਰ ਤੇ ਹਨ, ਕਿਉਂਕਿ ਉਨ੍ਹਾਂ ਨੇ ਅਕਲ ਹੀ ਬੇਵਕੂਫ਼ਾਂ ਕੋਲੋਂ ਲਈ ਹੁੰਦੀ ਹੈ। ਰੋਸ਼ਨੀ ਦੀ ਕਦਰ ਹਨੇਰੇ ਕਰਕੇ ਹੀ ਹੁੰਦੀ ਹੈ।

ਇਕ ਖੋਤੇ ਵਿਚ ਤੇ ਇਕ ਮੂਰਖ ਵਿਚ ਸਿਰਫ਼ ਇਤਨਾ ਫ਼ਰਕ ਹੁੰਦਾ ਹੈ ਕਿ ਮੂਰਖ ਇਕ ਇਨਸਾਨ ਦੀ ਸ਼ਕਲ ਵਿਚ ਹੁੰਦਾ ਹੈ ਤੇ ਖੋਤਾ ਖੋਤਾ ਹੁੰਦਾ ਹੈ। ਤਦੇ ਹੀ ਕਈ ਆਦਮੀ ਮੂਰਖਾਂ ਨੂੰ ਖੋਤੇ ਦਾ ਨਾਂ ਦੇਣੋਂ ਵੀ ਨਹੀਂ ਝਿਜਕਦੇ। ਇਕ ਪ੍ਰੋਫੈਸਰ ਨੇ ਮੁੰਡਿਆਂ ਨੂੰ ਇਕ ਬੜਾ ਸਾਧਾਰਨ ਸਵਾਲ ਪਾਇਆ। ਉਸ ਪੁਛਿਆ–"ਜੇ ਖੋਤੇ ਦੇ ਅੱਗੇ ਇਕ ਬਾਲਟੀ ਪਾਣੀ ਦੀ ਭਰ ਕੇ ਰਖੀ ਜਾਵੇ ਤੇ ਦੂਜੀ ਬੀਅਰ ਦੀ ਤਾਂ ਦਸੋ ਖੋਤਾ ਪਾਣੀ ਪੀਏਗਾ ਜਾਂ ਬੀਅਰ ?"

ਇਕ ਮੁੰਡੇ ਨੇ ਬਿਨਾਂ ਸੋਚੇ ਹੀ ਹਥ ਖੜਾ ਕਰ ਦਿਤਾ। ਪ੍ਰੋਫੈਸਰ ਨੇ ਕਿਹਾ "ਹਾਂ ਹਾਂ ਤੂੰ ਹੀ ਦਸ" ਮੁੰਡੇ ਨੇ ਝਟ ਉਤਰ ਦਿਤਾ "ਹਜ਼ੂਰ ਖੋਤਾ ਪਾਣੀ ਪੀਵੇਗਾ।"

ਪ੍ਰੋਫੈਸਰ ਇਹ ਉਤਰ ਸੁਣ ਕੇ ਬੜਾ ਖੁਸ਼ ਹੋਇਆ ਤੇ ਕਹਿਣ ਲਗਾ "ਸ਼ਾਬਾਸ਼ ਤੇਰਾ ਜਵਾਬ ਸੋਲਾਂ ਆਨੇ ਠੀਕ ਹੈ, ਪਰ ਇਹ ਦਸ ਕਿ ਖੋਤਾ ਪਾਣੀ ਕਿਉਂ ਪੀਏਗਾ, ਬੀਅਰ ਕਿਉਂ ਨਹੀਂ ਪੀਏਗਾ ?" ਮੁੰਡੇ ਨੇ ਝਟ ਉਤਰ ਦਿਤਾ "ਹਜ਼ੂਰ, ਖੋਤਾ ਜੁ ਹੋਇਆ।"

ਜੇ ਤੁਸੀਂ ਮੂਰਖਾਂ ਦੀਆਂ ਗੱਲਾਂ ਸੁਣ ਕੇ ਸੋਚਾਂ ਵਿਚ ਪੈ ਜਾਓ ਤਾਂ ਪਾਗਲ ਹੋ ਜਾਓ। ਇਨ੍ਹਾਂ ਦੀਆਂ ਗੱਲਾਂ ਸੁਣ ਕੇ ਸਵਾਦ ਮਾਣੋ ਪਰ ਕਹੋ ਕੁਝ ਨਾ। ਜਦ ਦੋ ਮੂਰਖ ਆਪਸ ਵਿਚ ਗਲਾਂ ਕਰਦੇ ਹੋਣ ਤਾਂ ਚੁਪ ਕਰਕੇ ਉਨ੍ਹਾਂ ਦੀਆ ਗੱਲਾਂ ਸੁਣੀ ਜਾਓ, ਦਖਲ ਉੱਕਾ ਨਾ ਦਿਓ ਨਹੀਂ ਤਾਂ ਤੁਹਾਡੇ ਲਈ ਜਾਨ ਛੁਡਾਣੀ ਮੁਸ਼ਕਲ ਹੋ ਜਾਵੇਗੀ। ਕਿਉਂਕਿ ਨਾ ਤਾਂ ਤੁਸੀਂ ਮੂਰਖਾਂ ਨਾਲ ਮੂਰਖ ਬਣ ਸਕਦੇ ਹੋ ਤੇ ਨਾ ਹੀ ਤੁਹਾਡੀਆਂ ਦਲੀਲਾਂ ਦਾ ਉਨ੍ਹਾਂ ਉਤੇ ਕੋਈ ਅਸਰ ਹੋ ਸਕਦਾ ਹੈ। ਵੈਸੇ ਦਲੀਲਾਂ ਮੂਰਖਾਂ ਦੀਆਂ ਗਲਾਂ ਵਿਚ ਵੀ ਹੁੰਦੀਆਂ ਹਨ ਤੇ ਕਈ ਵੇਰ ਇਹ ਦਲੀਲਾਂ ਇਤਨੀਆਂ ਸਚੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਝੁਠਲਾਇਆ ਜਾ ਹੀ ਨਹੀਂ ਸਕਦਾ। ਜਿਵੇਂ ਇਕ ਵੇਰ ਦੋ ਮੂਰਖ ਇਸ ਤਰ੍ਹਾਂ ਗੱਲਾਂ ਕਰ ਰਹੇ ਸਨ।

"ਰਾਤ ਨੂੰ ਸੂਰਜ ਕਿਉਂ ਨਹੀਂ ਨਿਕਲਦਾ ?"

"ਨਿਕਲਦਾ ਤਾਂ ਹੈ।"

"ਫੇਰ ਨਜ਼ਰ ਕਿਉਂ ਨਹੀਂ ਆਉਂਦਾ ?"

"ਮੂਰਖਾ, ਰਾਤ ਨੂੰ ਹਨੇਰਾ ਜੁ ਹੁੰਦਾ ਹੋਇਆ, ਨਜ਼ਰ ਕਿਵੇਂ ਆਵੇ ?"

ਹਰ ਘਰ ਵਿਚ ਇਕ ਅਧ ਜੀਅ ਮੂਰਖ ਹੋਣਾ ਜ਼ਰੂਰੀ ਹੈ, ਵਡੇ ਵਡੇ ਰਾਜਿਆਂ ਮਹਾਰਾਜਿਆਂ ਨੇ ਆਪਣੇ ਦਿਲ ਬਹਿਲਾਵੇ ਲਈ ਆਪਣੇ ਰਾਜ ਦਰਬਾਰਾਂ ਵਿਚ ਇਕ ਨਾ ਇਕ ਮੂਰਖ ਜ਼ਰੂਰ ਰਖਿਆ ਹੁੰਦਾ ਸੀ ਤੇ ਜਿਹੜਾ ਰਾਜਾ ਆਪ ਹੀ ਮੂਰਖ ਹੁੰਦਾ ਉਸਨੂੰ ਸਾਰੇ ਹੀ ਮੂਰਖ ਦਿਸਦੇ। ਘਰਾਂ ਦੇ ਨੌਕਰ ਤਾਂ ਹੋਣੇ ਹੀ ਮੂਰਖ ਚਾਹੀਦੇ ਹਨ। ਸਿਆਣੇ ਤੇ ਚਲਾਕ ਨੌਕਰ ਤਾਂ ਲੁਟ ਕੇ ਖਾ ਜਾਂਦੇ ਹਨ। ਇਕ ਸ਼ਾਹ ਨੇ ਵੀ ਕਿਸੇ ਮੂਰਖ ਨੂੰ ਨੌਕਰ ਰਖਿਆ ਹੋਇਆ ਸੀ। ਇਕ ਵੇਰ ਸ਼ਾਹ ਉਸ ਨੂੰ ਆਪਣੇ ਨਾਲ ਸਫ਼ਰ ਤੇ ਲੈ ਗਿਆ। ਸ਼ਾਹ ਦੇ ਨਾਲ ਇਕ ਘੋੜਾ ਵੀ ਸੀ ਜਿਸ ਉਤੇ ਇਕ ਤੰਬੂ ਤੇ ਹੋਰ ਸਮਾਨ ਲਦਿਆ ਹੋਇਆ ਸੀ। ਜਾਂਦੇ ਜਾਂਦੇ ਰਾਤ ਪੈ ਗਈ। ਸ਼ਾਹ ਦੇ ਕਹਿਣ ਤੇ ਇਕ ਨਦੀ ਦੇ ਕੰਢੇ ਤੇ ਹੀ ਨੌਕਰ ਨੇ ਤੰਬੂ ਗੱਡ ਦਿੱਤਾ। ਸ਼ਾਹ ਆਪ ਤਾਂ ਤੰਬੂ ਦੇ ਅੰਦਰ ਸੌਂ ਗਿਆ ਤੇ ਨੌਕਰ ਨੂੰ ਬਾਹਰ ਬੰਨ੍ਹੇ ਘੋੜੇ ਦੀ ਚੌਕੀਦਾਰੀ ਲਈ ਬਾਹਰ ਬਿਠਾ ਦਿਤਾ। ਡੇਢ ਦੋ ਘੰਟੇ ਮਗਰੋਂ ਜਦ ਸ਼ਾਹ ਨੇ ਪਾਸਾ ਪਰਤਿਆ ਤਾਂ ਉਸ ਨੇ ਨੌਕਰ ਨੂੰ ਆਵਾਜ਼ ਮਾਰ ਕੇ ਪੁਛਿਆ "ਕੀ ਕਰਦਾ ਹੈਂ ?" ਉਸ ਕਿਹਾ "ਮੈਂ ਸੋਚਦਾ ਹਾਂ ਕਿ ਇਸ ਨਦੀ ਦੇ ਪਾਣੀ ਨੂੰ ਅਗੋਂ ਕੌਣ ਖਿਚਦਾ ਹੈ ਤੇ ਪਿਛੋਂ ਕੌਣ ਧੱਕਦਾ ਹੈ।" ਸ਼ਾਹ ਉਸਦੀ ਗਲ ਸੁਣ ਕੇ ਹਸਿਆ ਤੇ ਪਾਸਾ ਪਰਤ ਕੇ ਫੇਰ ਸੌਂ ਗਿਆ। ਉਸ ਸੋਚਿਆ ਕਿ ਚਲੋ ਜਾਗਦਾ ਤਾਂ ਪਿਆ ਹੈ। ਥੋੜੀ ਦੇਰ ਬਾਅਦ ਫੇਰ ਸ਼ਾਹ ਦੀ ਨੀਂਦ ਖੁਲ੍ਹੀ ਤਾਂ ਉਸਨੇ ਫੇਰ ਨੌਕਰ ਨੂੰ ਆਵਾਜ਼ ਮਾਰ ਕੇ ਪੁਛਿਆ "ਕੀ ਕਰਦਾ ਹੈਂ ?" ਉਸ ਕਿਹਾ "ਸ਼ਾਹ ਜੀ ਮੈਂ ਸੋਚਦਾ ਹਾਂ ਕਿ ਇਹ ਘੋੜਾ ਘਾਸ ਫੂਸ ਖਾਂਦਾ ਹੈ ਪਰ ਜਿਹੜੀ ਲਿਦ ਕਰਦਾ ਹੈ ਉਹ ਲੇਡਣੇ ਹੁੰਦੇ ਹਨ, ਸਮਝ ਨਹੀਂ ਆਉਂਦੀ ਕਿ ਇਸਦੇ ਢਿਡ ਅੰਦਰ ਬਹਿ ਕੇ ਕੌਣ ਇਸ ਦੀ ਲਿਦ ਦੇ ਲੇਡਣੇ ਵਟਦਾ ਰਹਿੰਦਾ ਹੈ।" ਸ਼ਾਹ ਹਸ ਕੇ ਫੇਰ ਸੌਂ ਗਿਆ। ਉਸ ਦਿਲ ਵਿਚ ਕਿਹਾ "ਖਾ ਖਸਮਾਂ ਨੂੰ, ਜੋ ਮਰਜ਼ੀ ਆ ਸੋਚਦਾ ਰਹੋ, ਪਰ ਜਾਗਦਾ ਰਹਵੀ" ਸ਼ਾਹ ਨੂੰ ਫੇਰ ਪ੍ਰਭਾਤ ਵੇਲੇ ਜਾਗ ਆਈ ਤਾਂ ਉਸ ਫੇਰ ਆਵਾਜ਼ ਮਾਰ ਕੇ ਪੁਛਿਆ "ਸੁਣਾ ਹੁਣ

ਕੀ ਸੋਚਦਾ ਹੈਂ ?'' ਉਸ ਨੇ ਕਿਹਾ ''ਹਜ਼ੂਰ ਹੁਣ ਤਾਂ ਦਿਨ ਚੜ੍ਹਨ ਵਾਲਾ ਹੈ, ਪਰ ਮੈਂ ਇਹ ਸੋਚਦਾ ਹਾਂ ਕਿ ਘੋੜੇ ਨੂੰ ਚੋਰ ਲੈ ਗਏ ਹਨ, ਇਸ ਲਈ ਕਾਠੀ ਅਤੇ ਹੋਰ ਸਮਾਨ ਹੁਣ ਤੁਸੀਂ ਚੁਕੋਗੇ ਕਿ ਮੈਂ ?'' ਸ਼ਾਹ ਨੂੰ ਹੁਣ ਸਮਝ ਆਈ ਕਿ ਉਸਦੇ ਮੂਰਖ ਨੌਕਰ ਦੀਆਂ ਸੋਚਾਂ ਨੇ ਉਸਦਾ ਭਠਾ ਹੀ ਬਿਠਾ ਦਿਤਾ।

ਕਹਿੰਦੇ ਹਨ ਬੇਵਕੂਫ ਦੋਸਤ ਨਾਲੋਂ ਅਕਲਮੰਦ ਦੁਸ਼ਮਨ ਕਈ ਦਰਜੇ ਚੰਗਾ ਹੁੰਦਾ ਹੈ, ਪਰ ਨੌਕਰ ਤਾਂ ਅਕਲਮੰਦ ਉਕਾ ਹੀ ਨਹੀਂ ਹੋਣਾ ਚਾਹੀਦਾ। ਇਕ ਲਾਲੇ ਨੂੰ ਆਪਣੀ ਵਡਿਆਈ ਸਾੜਨ ਦੀ ਆਦਤ ਸੀ, ਉਹ ਜਿਹੜੀ ਵੀ ਗਲ ਕਰਦਾ ਉਸ ਵਿਚ ਹੀ ਆਪਣੀ ਅਮੀਰੀ ਦਾ ਰੋਹਬ ਛਾਂਟਦਾ। ਆਪਣੇ ਨੌਕਰ ਨੂੰ ਵੀ ਉਸਨੇ ਇਹੋ ਜਿਹੀ ਹੀ ਟਰੇਨਿੰਗ ਦਿਤੀ ਹੋਈ ਸੀ। ਇਕ ਵੇਰ ਉਸ ਲਾਲੇ ਨੂੰ ਕੋਈ ਵਪਾਰੀ ਮਿਲਣ ਆਇਆ। ਲਾਲੇ ਨੇ ਆਪਣੇ ਨੌਕਰ ਨੂੰ ਪੁਛਿਆ ''ਰਾਮੂ ਤੂੰ ਮੋਟਰ ਦੀ ਸਫਾਈ ਕਰ ਦਿਤੀ ਹੈ ?'' ਰਾਮੂ ਨੇ ਕਿਹਾ ''ਹਜ਼ੂਰ ਸ਼ਿਵਰਲੇਟ ਤੇ ਅੰਬੈਸੇਡਰ ਦੀ ਸਫ਼ਾਈ ਤਾਂ ਹੋ ਗਈ ਹੈ, ਪਰ ਫੀਅਟ ਦੀ ਅਜੇ ਕਰਨੀ ਹੈ।'' ਫੇਰ ਪੁਛਿਆ ''ਮਕਾਨ ਦਾ ਕਰਾਯਾ ਆ ਗਿਆ ਹੈ ?'' ਉਸ ਪੁਛਿਆ ''ਹਜ਼ੂਰ ਕਿਹੜੇ ਮਕਾਨ ਦਾ, ਦਿਲੀ ਵਾਲੇ ਦਾ, ਲਖਨਊ ਵਾਲੇ ਦਾ ਜਾਂ ਕਾਨ੍ਹਪੁਰ ਵਾਲੇ ਦਾ ?'' ਥੋੜੀ ਦੇਰ ਮਗਰੋਂ ਲਾਲੇ ਨੇ ਰਾਮੂ ਨੂੰ ਕਿਹਾ ''ਰਾਮੂ ਪਿਤਾ ਜੀ ਆ ਆ ਰਹੇ ਹਨ, ਗਡੀ ਲੈ ਕੇ ਸਟੇਸ਼ਨ ਤੇ ਚਲਾ ਜਾਈਂ'' ਉਸ ਪੁਛਿਆ ''ਹਜ਼ੂਰ ਕਿਹੜੇ ਪਿਤਾ ਜੀ ਆ ਰਹੇ ਹਨ, ਅੰਮ੍ਰਿਤਸਰ ਵਾਲੇ, ਬੰਬਈ ਵਾਲੇ ਜਾਂ ਜੈਪੁਰ ਵਾਲੇ ?'' ਇਸ ਤਰ੍ਹਾਂ ਉਸ ਮੂਰਖ ਨੌਕਰ ਨੇ ਆਪਣੇ ਘੁਮੰਡੀ ਮਾਲਕ ਦੀ ਸਾਰੀ ਆਕੜ ਭੰਨ ਕੇ ਰਖ ਦਿਤੀ। ਇਹੋ ਜਿਹੇ ਮੂਰਖਾਂ ਨੂੰ ਸਤ ਸਤ ਸਲਾਮਾਂ।

ਸਾਡੇ ਦੇਸ ਵਿਚ ਮੂਰਖ ਬਣਨ ਤੇ ਬਣਾਨ ਦੀ ਇਕ ਖ਼ਾਸ ਰੁਤ ਹੁੰਦੀ ਹੈ, ਤੇ ਉਹ ਇਨ੍ਹਾਂ ਦਿਨਾਂ ਵਿਚ ਹੀ ਹੁੰਦੀ ਹੈ। ਹੋਲੀ ਦੇ ਤਿਉਹਾਰ ਤੇ ਹਰ ਇਕ ਹੋਲੀ ਦੇ ਖੇਡਣ ਵਾਲਾ ਆਦਮੀ ਆਪਣਾ ਹੁਲੀਆ ਵਿਗਾੜ ਕੇ ਪਹਿਲੋਂ ਆਪ ਮੂਰਖ ਬਣਦਾ ਹੈ ਤੇ ਫੇਰ ਦੂਜਿਆਂ ਨੂੰ ਮੂਰਖ ਬਣਾਨ ਲਈ ਤੁਰ ਪੈਂਦਾ ਹੈ। ਵਡੇ ਵਡੇ ਸ਼ਹਿਰਾਂ ਵਿਚ ਵਡੇ ਵਡੇ ਆਦਮੀ ਮੂਰਖਾਂ ਵਾਲੀਆਂ ਹਰਕਤਾਂ ਹੀ ਕਰਦੇ ਹਨ। ''ਹੋਲੀ ਏ ਬਈ ਹੋਲੀ ਏ'' ਦੇ ਸਲੋਗਨ ਦੀ ਆੜ ਲੈ ਕੇ ਲੋਕ ਉਹ ਗੰਦ ਉਛਾਲਦੇ ਹਨ ਕਿ ਤੋਬਾ ਹੀ ਭਲੀ। ਕਈ ਅਸਥਾਨਾਂ ਤੇ ਬੜੇ ਪੜੇ ਲਿਖੇ ਲੋਕ ਮੂਰਖ ਮੰਡਲ ਬਣਾ ਕੇ ਆਪਣੇ ਪ੍ਰਧਾਨ ਦਾ ਜਲੂਸ ਵੀ ਖੋਤੇ ਉਤੇ ਹੀ ਕਢਦੇ ਹਨ।

ਇਨ੍ਹਾਂ ਦਿਨਾਂ ਵਿਚ ਹੀ ਐਪ੍ਰਲ-ਫੂਲ ਵੀ ਮਨਾਇਆ ਜਾਂਦਾ ਹੈ। ਹਰ ਕੋਈ ਦੂਜੇ ਨੂੰ ਮੂਰਖ ਬਨਾਣ ਦੀ ਕੋਸ਼ਿਸ਼ ਕਰਦਾ ਹੈ। ਇਸ ਵੇਰ ਦਫ਼ਤਰ ਦੇ ਦੋ ਬਾਊਆਂ ਨੇ ਆਪਣੇ ਇਕ ਮਿਤਰ ਦੇ ਘਰ ਆ ਕੇ ਉਸਦੀ ਵਹੁਟੀ ਨੂੰ ਕਿਹਾ ਕਿ ਤੇਰੇ ਪਤੀ ਨੇ ਸਾਨੂੰ ਘਰੋਂ ਖਾਣਾ ਲਿਆਉਣ ਲਈ ਆਖਿਆ ਹੈ। ਉਸ ਕਿਹਾ ''ਅਛਾ ਜ਼ਰਾ ਬਹਿ ਜਾਓ'' ''ਮੈਂ ਹੁਣੇ ਤਿਆਰ ਕਰਕੇ ਦੇਂਦੀ ਹਾਂ'', ਉਹ ਪੰਦਰਾਂ ਵੀਹ ਮਿੰਟ ਡਰਾਇੰਗ ਰੂਮ ਵਿਚ ਬੈਠੇ ਰਹੇ ਤੇ ਉਹ ਰਸੋਈ ਵਿਚ ਖਾਣਾ ਤਿਆਰ ਕਰਦੀ ਰਹੀ। ਫੇਰ ਉਸ ਨੇ ਗਰਮ ਗਰਮ ਖਾਣਾ ਡਬੇ ਵਿਚ ਪਾ ਕੇ ਡਬਾ ਉਨ੍ਹਾਂ ਦੇ ਹਥ ਫੜਾਇਆ। ਉਹ ਬਾਊ ਆਪਣੀ ਸਫ਼ਲਤਾ ਉਤੇ ਖੁਸ਼ ਹੋਏ ਤੇ ਦਫ਼ਤਰ ਜਾ ਕੇ ਖਾਣਾ ਖਾਣ ਲਈ ਬੈਠ ਗਏ। ਆਪਣੇ ਉਸ ਮਿਤਰ ਨੂੰ ਵਖ ਉਨ੍ਹਾਂ ਨੇ ਕੋਲ ਬਿਠਾ ਗਿਆ ਜਿਸਦੇ ਘਰੋਂ ਉਹ ਖਾਣਾ ਲਿਆਏ ਸਨ। ਜਦ ਡੱਬਾ ਖੋਲ੍ਹਿਆਂ ਤਾਂ ਵਿਚ ਗਰਮ ਗਰਮ ਸੁਆਹ ਭਰੀ ਹੋਈ ਸੀ। ਵਿਚਾਰੇ ਸ਼ਰਮ ਨਾਲ ਮਰ ਕੇ ਮਿਟੀ ਹੋ ਗਏ, ਇਸ ਤਰ੍ਹਾਂ ਟੱਕਰਨ ਵਾਲੇ ਵੀ ਡਾਢਾ ਟੱਕਰਦੇ ਹਨ।

**304, Sector 21-A, Chandigarh, India**

—o—o—o—o—o—


# ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ

## PANJAB CULTURAL ASSOCIATION

Vancouver, B. C., Canada

ਨਵੰਬਰ 1972 ਵਿੱਚ ਜਨਮੀ ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਦੀ ਮੁਖ ਸਰਗਰਮੀ ਪੰਜਾਬ ਦੇ ਦਿਲਕਸ਼ ਲੋਕ-ਨਾਚ ਭੰਗੜੇ ਦੀ ਪਰਦਰਸ਼ਨੀ ਹੈ। ਹੁਣ ਤੱਕ ਐਸੋਸੀਏਸ਼ਨ ਨੇ ਸਪੋਕੇਨ ਦੇ ਵਿਸ਼ਵ-ਮੇਲੇ, ਮੌਂਟਰੀਅਲ ਦੀਆਂ ਉਲਿੰਪਕ ਖੇਡਾਂ ਅਤੇ CBC ਟੈਲੀਵਿਜਨ ਤੋਂ ਬਿਨਾਂ ਬੀ.ਸੀ. ਲਗਭਗ ਸਾਰੇ ਵੱਡੇ ਸ਼ਹਿਰਾਂ ਵਿੱਚ ਭੰਗੜਾ ਪੇਸ਼ ਕਰਕੇ ਕੈਨੇਡਾ ਵਿੱਚ ਪੰਜਾਬੀ ਸੱਭਿਆਚਾਰ ਦਾ ਗੌਰਵ ਵਧਾਉਣ ਵਿੱਚ ਉਘਾ ਯੋਗਦਾਨ ਪਾਇਆ ਹੈ। ਐਸੋਸੀਏਸ਼ਨ ਵੱਲੋਂ ਉਨ੍ਹਾਂ ਯੁਵਕਾਂ ਨੂੰ ਖੁੱਲਾ ਸੱਦਾ-ਪੱਤਰ ਦਿਤਾ ਜਾਂਦਾ ਹੈ ਜਿਹੜੇ ਭੰਗੜਾ ਪਾ ਸਕਦੇ ਹੋਣ ਜਾਂ ਭੰਗੜਾ ਸਿੱਖਣ ਵਿੱਚ ਗੰਭੀਰ ਦਿਲਚਸਪੀ ਰਖਦੇ ਹੋਣ।

ਪਾਲ ਢਿਲੋਂ (879-3339) ਸੁਖਬੀਰ (325-9564)

# ਚਾਚੀ

**ਦੇਵ ਜਟਾਣਾ**

ਤੇਜੋ ਮੇਰੀ ਪਿੰਡ ਵਿਚੋਂ ਚਾਚੀ ਲਗਦੀ ਸੀ......ਪਰ ਉਸ ਨੂੰ ਚਾਚੀ ਕਹਿੰਦਿਆਂ ਮੈਨੂੰ ਬਹੁਤ ਸ਼ਰਮ ਤੇ ਹਿਚਕਚਾਹਟ ਹੁੰਦੀ ਸੀ। ਉਨ੍ਹੀਂ ਵੀਹ ਸਾਲਾਂ ਦੀ ਉਮਰ, ਦਿਲ ਮੋਹ ਲੈਣ ਵਾਲੇ ਨਕਸ਼ ਤੇ ਅੱਖਾਂ ਸਾਹਮਣੇ ਹਿਰਨੀ ਦੀਆਂ ਅੱਖਾਂ ਵੀ ਨਿਉਂ ਜਾਣ। ਪਰ ਸਭ ਕੁਝ ਹੋਣ ਤੇ ਵੀ ਇਕ ਮੁਰਦਾ ਉਦਾਸੀ ਉਸ ਦੇ ਚਿਹਰੇ ਤੋਂ ਕਦੀ ਵੀ ਦੂਰ ਨਾ ਹੁੰਦੀ। ਉਸ ਦਾ ਚਿਹਰਾ ਖਿੜਨ ਦੀ ਥਾਂ ਮੁਰਝਾਇਆ ਤੇ ਪੀਲਾ ਪੈਂਦਾ ਜਾਂਦਾ ਸੀ।

ਚਾਚੇ ਗੁੱਜਰ ਅਮਲੀ ਦਾ ਇਹ ਤੀਜਾ ਵਿਆਹ ਹੈ। ਪਹਿਲੀ ਵਿਚਾਰੀ ਪੰਜ ਵਰ੍ਹੇ ਉਲਾਦ ਦਾ ਮੂੰਹ ਦੇਖਣ ਨੂੰ ਤਰਸਦੀ ਰਹੀ ਪਰ ਜਦ ਗ਼ਰੀਬਣੀ ਦੀ ਕੁੱਖ ਹਰੀ ਹੋਈ ਤਾਂ ਜਣੇਪੇ ਵੇਲੇ ਜਾਨ ਤੋਂ ਹੱਥ ਧੋ ਬੈਠੀ। ਦੂਜੀ ਚਾਚੀ ਬੜੀ ਅੜਬ ਸੁਭਾਅ ਦੀ ਸੀ। ਕਿਸੇ ਗਲੋਂ ਚਾਚੇ ਨਾਲ ਝਗੜ ਕੇ ਬਦਨਸੀਬ ਖੂਹ 'ਚ ਪੈ ਮੋਈ ਸੀ। ਵਰ੍ਹਾ ਵੀ ਨਾ ਪਿਆ ਚਾਚੇ ਨੇ ਇਹ ਤੀਜੀ ਚਾਚੀ ਲੈ ਆਂਦੀ, ਆਉਂਦੀ ਵੀ ਕਿਵੇਂ ਨਾ ਚਾਚੇ ਗੁਜਰ ਦੀ ਸਤਰ ਘੁਮਾਂ ਜ਼ਮੀਨ ਸੀ ਭਰਾ ਉਸ ਦਾ ਕੋਈ ਹੈ ਈ ਨਹੀਂ। ਇਕ ਤਾਂ ਕੀ, ਵੀਹ ਸਾਕਾਂ ਵਾਲੇ ਫੇਰੇ ਮਾਰਦੇ ਸਨ, ਦੂਜੀ ਚਾਚੀ ਦੇ ਮਰਨ ਪਿਛੋਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਚਾਚੇ ਦੀ ਉਮਰ ਚਾਲੀਆਂ ਤੋਂ ਇਕ ਦੋ ਵਰ੍ਹੇ ਉਤੇ ਹੀ ਹੈ। ਮੂੰਹ ਤੇ ਝੁਰੜੀਆਂ ਪਈਆਂ ਸਨ, ਪਰ ਵਿਆਹ ਦੇ ਮੌਕੇ ਤੇ ਦਾਹੜੀ ਤਾਂ ਕਾਲੀ ਕਰ ਲਈ ਸੀ ਕਲਫ਼ ਲਾ ਕੇ ਉਸ ਨੇ। ਅਫ਼ੀਮ ਖਾਣ ਵਿਚ ਕੋਈ ਵੀ ਚਾਚੇ ਦਾ ਮੁਕਾਬਲਾ ਨਹੀਂ ਕਰ ਸਕਦਾ ਖਬਰ ਨਹੀਂ ਇਸੇ ਕਰਕੇ ਹੀ ਚਾਚੇ ਦਾ ਰੰਗ ਵੀ ਅਫ਼ੀਮ ਵਰਗਾ ਹੀ ਹੋ ਗਿਆ ਹੈ......।

ਚਾਚਾ ਖੁਦ ਤਾਂ ਵਾਹੀ ਕਰਨ ਦੇ ਬਿਲਕੁਲ ਹੀ ਲਾਇਕ ਨਹੀਂ... ਇਸੇ ਕਰਕੇ ਉਹ ਆਪਣੀ ਭੋਂ ਕਿਸੇ ਨੂੰ ਹਿੱਸੇ ਜਾਂ ਠੇਕੇ ਤੇ ਹੀ ਦੇ ਛਡਦਾ ਹੈ......ਤੇ ਵੈਸੇ ਵੀ ਭੋਂ ਦੀ ਗਿਣਤੀ ਵਿਚ ਘਾਟਾ ਹੀ ਪੈਂਦਾ ਜਾਂਦਾ ਹੈ......ਹਰ ਸਾਲ ਦੋ ਤਿੰਨ ਘੁਮਾਂ ਨੂੰ ਫੂਕ ਮਾਰ ਦੇਣੀ ਤਾਂ ਚਾਚੇ ਦੇ ਖੱਬੇ ਹੱਥ ਦਾ ਕੰਮ ਹੈ। ਕੋਈ ਕਰਮਾਂ ਵਾਲਾ ਹੀ ਵੇਲ ਹੋਵੇਗਾ ਜੋ ਚਾਚੇ ਦੇ ਹੱਥਾਂ ਵਿਚ ਦੀ ਨਾ ਨਿਕਲਿਆ ਹੋਵੇ।

ਗੁਆਂਢ ਹੋਣ ਕਰਕੇ ਸਾਡਾ ਚਾਚੇ ਹੁਰਾਂ ਨਾਲ ਚੰਗਾ ਵਰਤ ਵਰਤਾਰਾ ਹੈ। ਕਦੀ ਸਾਨੂੰ ਕਿਸੇ ਚੀਜ਼ ਕਰਕੇ ਚਾਚੇ ਦੇ ਘਰ ਜਾਣਾ ਪੈਂਦਾ ਤੇ ਕਦੀ ਚਾਚੀ ਕੁਝ ਲੈਣ ਸਾਡੇ ਘਰ ਆ ਜਾਂਦੀ। ਮੈਂ ਸ਼ਹਿਰੋਂ ਦਸਵੀਂ ਦਾ ਇਮਤਿਹਾਨ ਦੇਣ ਪਿਛੋਂ ਘਰ ਆ ਗਿਆ ਕਿਉਂਕਿ ਨਤੀਜਾ ਦੋ ਮਹੀਨੇ ਬਾਅਦ ਆਉਣਾ ਸੀ।

ਚਾਚੀ ਤੇਜੋ ਤਕਰੀਬਨ ਸਾਡੇ ਘਰ ਦਿਨ ਵਿਚ ਕਈ ਕਈ ਚੱਕਰ ਮਾਰ ਜਾਂਦੀ। ਕਦੀ ਕੁਝ ਲੈਣ ਦੇਣ ਵਾਸਤੇ ਤੇ ਕਦੀ ਵੈਸੇ ਹੀ ਬੇਜੀ ਨਾਲ ਗੱਲਾਂ ਕਰਨ ਵਾਸਤੇ ਹੀ। ਚਾਚੀ ਬੜੀ ਹੀ ਮਿੱਠ ਬੋਲੀ ਤੇ ਬਹੁਤ ਹੀ ਮਿਲਾਪੜੇ ਸੁਭਾਅ ਦੀ ਮਾਲਕ ਹੈ।

ਮੈਂ ਜਦ ਵੀ ਚਾਚੀ ਨੂੰ ਦੇਖਦਾ, ਇਧਰ ਉਧਰ ਹੋਣ ਦੀ ਕੋਸ਼ਿਸ਼ ਕਰਦਾ ਸਿਰਫ਼ ਉਸ ਨੂੰ ਚਾਚੀ ਕਹਿਕੇ ਬੁਲਾਉਣ ਤੋਂ ਹੀ......ਪਰ ਕਦੀ ਕਦੀ ਚਾਚੀ ਨੂੰ ਦੇਖਦਿਆਂ ਮੇਰਾ ਹੌਕਾ ਨਿਕਲ ਜਾਂਦਾ ਕਿ ਚਾਚੀ ਦੇ ਚੰਨ ਜਿਹੇ ਚਿਹਰੇ ਨਾਲ ਉਦਾਸੀ ਕਿਉਂ ਪ੍ਰੀਤ ਪਾਈ ਬੈਠੀ ਹੈ।

"ਮੂਸਾ ਮੌਤੋਂ ਭੱਜਿਆ, ਅੱਗੇ ਮੌਤ ਖੜੀ।" ਜਿੰਨਾ ਮੈਂ ਚਾਚੀ ਤੋਂ ਦੂਰ ਭਜਣ ਦੀ ਕੋਸ਼ਿਸ਼ ਕਰਦਾ ਹਾਂ, ਉਹ ਉਨਾਂ ਹੀ ਜ਼ਿਆਦਾ ਸਮਾਂ ਮੇਰੇ ਨਾਲ ਗੱਲਾਂ ਕਰਨ ਵਿਚ ਸੁਖ ਜਿਹਾ ਮਹਿਸੂਸ ਕਰਦੀ ਏ। ਤੇ ਬਹੁਤਾ ਉਹ ਮੈਥੋਂ ਮੇਰੇ ਵਿਆਹ ਬਾਬਤ ਹੀ ਪੁੱਛ ਗਿੱਛ ਕਰਦੀ ਹੈ। "ਕਿਉਂ ਦੇਵ ਵਿਆਹ ਕਦੋਂ ਦਿਖਾਉਣਾ ਏ ਜਾਂ ਐਵੇਂ ਟਾਲ ਮਟੋਲਾਂ ਹੀ ਮਾਰਦਾ ਰਹੇਂਗਾ।" ਫਿਰ ਇਕ ਨਹੋਰੇ ਦੀ ਸ਼ਕਲ ਵਿਚ "ਨਾ ਭਾਈ ਅਸੀਂ ਕਦੋਂ ਯਾਦ ਰਹਾਂਗੇ ਤੇਰੇ ਵਰਗੇ ਪਾੜ੍ਹੂ ਮੁੰਡੇ ਦੇ... ਕਹੇਂਗਾ ਚਲ ਕੀ ਸੱਦਣਾ ਹੈ ਕਮਲੀ ਜਿਹੀ ਚਾਚੀ ਨੂੰ ਐਵੇਂ ਕਮਲ ਮਾਰੂਗੀ। "ਦੇਵ ਮੈਂ ਤਾਂ ਤੇਰੇ ਵਿਆਹ ਤੇ ਗੀਤ ਗਾਉਣੋਂ ਨੀ ਹੱਟਣਾ ਤੂੰ ਭਾਵੇਂ ਗੁੱਸਾ ਈ ਕਰੀਂ।"

ਵਿਆਹ ਦੀ ਗਲ ਕਰਦਿਆਂ ਉਹਦੇ ਚਿਹਰੇ ਦਾ ਰੰਗ ਬਦਲ ਜਾਂਦਾ ਜਿਵੇਂ ਉਸ ਦੇ ਦਿਲ ਵਿਚ ਕੋਈ ਚੀਸ ਪੈਂਦੀ ਹੋਵੇ ਜਾਂ ਅੱਲਾ ਜ਼ਖ਼ਮ ਫਿਰ ਉਚੜ ਜਾਂਦਾ ਹੋਵੇ। ਪਰ ਫਿਰ ਵੀ ਪਤਾ ਨਹੀਂ ਕਿਉਂ ਉਹ ਮੇਰੇ ਵਿਆਹ ਦੀ ਗਲ ਤੋਰਨੋ ਨਾ ਝਿਜਕਦੀ।

ਚਾਚੀ ਦੇ ਚਿਹਰੇ ਤੇ ਵਧਦੀ ਉਦਾਸੀ, ਪੀਲਾ ਹੁੰਦਾ ਜਾਂਦਾ ਰੰਗ ਮੈਨੂੰ ਬਹੁਤ ਫ਼ਿਕਰਮੰਦ ਕਰ ਰਿਹਾ ਸੀ। ਮੈਂ ਸੋਚਦਾ ਕਿ ਕੀ ਬੀਮਾਰੀ ਹੈ ਜੋ ਇਸ ਨੂੰ ਅੰਦਰੋ ਅੰਦਰ ਘੁਣ ਵਾਂਗ ਖਾ ਰਹੀ ਹੈ...... ਤੇ ਹੌਲੀ ਹੌਲੀ ਮੇਰੀਆਂ ਅੱਖਾਂ ਅੱਗੇ ਉਸਦਾ ਅੰਤ ਆਉਂਦਾ ਦਿਸਦਾ ਤਾਂ ਮੈਂ ਸਹਿਜੇ ਹੀ ਚਿਚਲਾ ਉਠਦਾ......ਤੜਪ ਉਠਦਾ......ਅੰਦਰੋ ਅੰਦਰ ਬੜਾ ਦੁਖੀ ਹੁੰਦਾ।

ਉਧਰ ਚਾਚਾ ਦਿਨੋ ਦਿਨ ਨਿਘਰਦਾ ਹੀ ਜਾਂਦਾ ਸੀ। ਅਫ਼ੀਮ ਦੀ ਮਿੱਕਦਾਰ "ਦਿਨ ਦੂਣੀ ਰਾਤ ਚੌਗਣੀ" ਤਰੱਕੀ ਕਰ ਰਹੀ ਸੀ। ਅਜ ਕਲ ਚਾਚੇ ਦੇ ਦਰਸ਼ਨ ਘਰ ਦੀ ਬਜਾਏ ਜ਼ਿਆਦਾ ਅਮਲੀ ਟੋਲੇ ਨਾਲ ਹੀ ਹੁੰਦੇ। ਜਿਹੜੇ ਕਿ ਸਦਾ ਉਹੀ ਪੁਰਾਣੀਆਂ ਲੜਾਈਆਂ ਦੀਆਂ, ਪਿੱਛੇ ਪਏ "ਕਾਲਾਂ" ਦੀਆਂ ਜਾਂ "ਕੱਤੇ ਦੀ ਬਿਮਾਰੀ" ਦੀਆਂ ਗੱਲਾਂ ਵਿਚ ਹੀ ਜੁਟੇ ਰਹਿੰਦੇ। ਜਾਂ ਜ਼ਿਆਦਾ ਭੰਡੀ ਕਰਦੇ ਤਾਂ ਸਰਕਾਰ ਦੀ ਕਿਉਂਕਿ ਉਹਨਾਂ ਨੂੰ ਅਫ਼ੀਮ ਖੁੱਲ੍ਹੀ ਨਹੀਂ ਸੀ ਮਿਲਦੀ। ਜੇ ਚੋਰੀ ਛਪੋਰੀ ਮਿਲ ਵੀ ਜਾਂਦੀ ਉਸ ਬਾਰੇ ਉਹ ਇਉਂ ਕਹਿੰਦੇ "ਮਰ ਗਏ ਬਚੜੇ ਮੇਰੇ ਸਾਲੇ ਤਾਰੂ ਕਰਾੜ ਦੇ, ਕੰਜਰ ਗੁੜ ਕਾੜ੍ਹੀ ਬੈਠਾ ਨਿਰਾ ਗੁੜ, ਅਜ ਤਾਂ ਅਮਲੀਆ ਜਮਾਂ ਈ ਨਸ਼ਾ ਨੀ ਆਇਆ।" ਚਾਚਾ ਘਰ ਤਾਂ ਬਸ ਰਾਤ ਵੇਲੇ ਈ ਵੜਦਾ, ਉਹ ਵੀ ਉਹਨੂੰ ਆਉਣਾ ਈ ਪੈਂਦਾ ਸੀ।

ਇਕ ਦਿਨ ਮੈਂ ਬਾਹਰ ਜਾਣ ਲਈ ਕਪੜੇ ਪਾ ਰਿਹਾ ਸਾਂ ਕਿ ਚਾਚੀ ਆ ਗਈ। ਮੈਨੂੰ ਕਪੜੇ ਪਾਉਂਦਾ ਵੇਖ ਸਮਝ ਲਿਆ ਕਿ ਇਹ ਕਿਤੇ ਬਾਹਰ ਜਾ ਰਿਹਾ ਹੈ। "ਮੈਂ ਖਬਰਨੀ ਦੁਧ ਢੱਕਣਾ ਈ ਭੁੱਲ

ਬਾਕੀ ਸਫ਼ਾ 38 ਤੇ

ਸਥਾਈ ਕਾਲਮ

# ਆਪਣੇ ਲੋਕ - ਪ੍ਰਤੀਕਿਰਿਆ

ਸ਼ਮਸ਼ੇਰ ਭੱਟੀ

ਆਪਣੇ ਲੋਕ -- ਆਪਣੇ ਹੀ ਹਨ ਤੇ ਅਸੀਂ ਹੀ ਹਾਂ। ਅਸੀਂ ਆਪਸ ਵਿਚ ਤੇ ਇਕ ਦੂਜੇ ਨੂੰ ਭਲੀ ਭਾਂਤ ਜਾਣਦੇ ਹੀ ਹੁੰਦੇ ਹਾਂ।

"ਆਪਣੇ ਲੋਕ" ਇਕ ਲੋਕ-ਕਰੂਣਾ ਵਿਸ਼ਾ ਹੈ। ਇਹ ਵਿਸ਼ਾ ਤਾਂ ਹੈ ਪਰ ਇਸ ਦਾ ਕੋਈ ਰੂਪ ਨਹੀਂ ਹੁੰਦਾ। ਸਾਹਿਤਕ ਕੀਮਤਾਂ ਤੋਂ ਕੋਰਾ ਤੇ ਲੋਕ ਹਿਤਾਂ ਤੋਂ ਬੇਲਾਗ। ਜੋ ਲੋਕ ਇਸ ਦੀ ਤਾਰੀਫ਼ ਕਰਦੇ ਹਨ ਮੇਰੀ ਜਾਚੇ ਉਹ ਲੋਕ-ਚੇਤਨਾ, ਲੋਕ-ਅਨੁਭਵ ਤੇ ਲੋਕ-ਹਿਤਾਂ ਤੋਂ ਕੋਰੇ ਲਗਦੇ ਹਨ।

ਅਜਮੇਰ ਰੋਡੇ ਦੀ ਵਸਤੂ-ਸਥਿਤੀ ਦੀ ਪਕੜ ਬੇਸ਼ਕ ਹੋਵੇ ਪਰ ਉਸ ਦਾ ਇਸ ਲੋਕ-ਕਰੂਣਾ ਨਾਲ ਕੋਈ ਵਾਸਤਾ ਤੱਕ ਨਹੀਂ ਲਗਦਾ। ਉਹ ਇਸ ਦੀ ਵਸਤੂ-ਸਥਿਤੀ ਤੋਂ ਅੱਗੇ ਹੀ ਨਹੀਂ ਵੱਧਦਾ। ਉਹ ਇਸ ਲੋਕ-ਕਰੂਣਾ ਨੂੰ ਬੇਪਰਵਾਹੀ ਨਾਲ ਫੜਦਾ ਹੈ ਤੇ ਬੇਧਿਆਨੇ ਹੀ ਸੁੱਟ ਦਿੰਦਾ ਹੈ। ਜਿਵੇਂ ਕੋਈ ਸੁਆਣੀ ਖਾਣਾ ਬਣਾਉਣ ਤਾਂ ਆਪਣਾ ਫ਼ਰਜ਼ ਸਮਝਦੀ ਹੈ ਪਰ ਰੋਟੀ ਕੱਚੀ ਹੈ ਜਾਂ ਪੱਕੀ ਦਾਲ 'ਚ ਲੂਣ ਘੱਟ ਹੈ ਜਾਂ ਵੱਧ, ਬਾਕੀ ਸਾਰ ਜਾਂ ਨਹੀਂ ਵਲੋਂ ਬੇਪਰਵਾਹ ਹੋਵੇ।

ਅਜਮੇਰ ਇਸ ਲੋਕ-ਕਰੂਣਾ ਨੂੰ ਪਾਠਕਾਂ ਅੱਗੇ ਰੱਖ ਕੇ ਸੁਘੜ ਪਾਠਕਾਂ ਨੂੰ ਤਰਸ ਦੇ ਪਾਤਰ ਬਣਾਉਂਦਾ ਹੈ ਤੇ ਆਮ ਪਾਠਕਾਂ ਨੂੰ ਇਸ ਤੋਂ ਨਵਾਕਿਫ਼ ਰੱਖਦਾ ਹੈ। ਜਿਵੇਂ ਪਾਸ਼ ਨੇ ਸਤੰਬਰ 1977 ਦੇ ਵਤਨੋਂ ਦੂਰ ਦੇ ਦਰਪਣ ਵਿਚ ਲਿਖਿਆ ਹੈ— "ਹਾਂ ਇਹ ਸ਼ਿਕਾਇਤ ਜ਼ਰੂਰ....ਕਿ ਬਹੁ ਗਿਣਤੀ ਕਨੇਡੀਅਨ ਪੰਜਾਬੀ ਲੇਖਕਾਂ ਨੇ ਜਾਂ ਤਾਂ ਪੰਜਾਬੋਂ ਜਾ ਕੇ ਨਵੀਂ ਧਰਤੀ ਦੇ ਕੋਈ ਉਕਾ ਹੀ ਨਵੇਂ ਅਨੁਭਵ ਨਹੀਂ ਕਮਾਏ ਜਾਂ ਉਹ ਇਹ ਨਹੀਂ ਲੋਚਦੇ ਹੋਣਗੇ ਕਿ ਫਲੈਟ ਰਿਅਲਿਜ਼ਮ ਦੇ ਐਟੀਚੂਡ ਸ਼ਬਦਾਬੱਧ ਕਰਕੇ ਜੈਨੂਅਨ ਫੀਲਿੰਗ ਸ਼ਬਦਾਬੱਧ ਕਰਨਾ ਹੀ ਸਾਹਿਤ ਦਾ ਪ੍ਰਾਸਿਸ ਹੁੰਦਾ ਹੈ"। — ਪਾਸ਼, ਦਰਪਣ, ਵਤਨੋਂ ਦੂਰ, ਸਤੰਬਰ – 1977.

ਇਹ ਕੋਈ ਉਸਾਰੂ ਵਸਤੂ ਨਹੀਂ ਹੈ। ਅਜਮੇਰ ਦੀ ਸੁਚੇਤਤਾ ਇਸ ਲੋਕ-ਕਰੂਣਾ ਨਾਲ ਪੂਰਾ ਇਨਸਾਫ਼ ਨਹੀਂ ਕਰਦੀ ਅਤੇ ਉਹਨੂੰ ਇਹ ਬੇਪਰਵਾਹੀ ਛੱਡਣੀ ਚਾਹੀਦੀ ਹੈ। ਮੇਰੀ ਜਾਤੀ ਪ੍ਰਸਤਾਵਨਾ ਹੈ ਕਿ ਅਜਮੇਰ ਕੁੱਝ ਆਪਣੇ ਲੋਕਾਂ ਲਈ ਲਿਖੇ ਅਤੇ ਇਸ ਲੋਕ-ਕਰੂਣਾ ਦਾ ਉਪਰਾਲਾ ਕਰੇ।

**THINKING OF TRAVEL?**
**WE CAN SAVE YOU MONEY, TIME AND TROUBLE**

**GROUPS – CHARTER – EXCURSION**
**PAY LATER**
**SPECIAL IMMIGRANT FARES AVAILABLE**

**GOYAL TRAVEL**

**4160 FRASER STREET, VANCOUVER 10, B.C.**
**PHONE: 872-7658**

ASSOCIATE OFFICES:
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India).
Phone 555

**NEED ANY KIND OF MORTGAGE**
**WHY PAY A BONUS?**
**LOW BROKERAGE FEES**

1st from 10¼%, 2nd from 12½%. Builders Interim at 17%.
*Apartments: 1st 10½%, 2nd 13%.*
We serve investor clients.
Existing mortgages and agreements for sale purchased.

ਅੱਜ ਤੋਂ ਸ਼ਾਇਦ ਤੁਹਾਨੂੰ ਪੈਸੇ ਬਾਰੇ ਕਿਸੇ ਕਿਸਮ ਦਾ ਫ਼ਿਕਰ ਕਰਨ ਦੀ ਲੋੜ ਨਹੀਂ ਤੁਸੀਂ ਕੋਈ ਚੀਜ਼ ਖਰੀਦਣੀ ਹੈ, ਘਰ ਦੀ ਮੁਰੰਮਤ ਕਰਨੀ ਹੈ ਜਾਂ ਹੋਰ ਕਿਸੇ ਕਿਸਮ ਦਾ ਖਰਚ ਤੁਹਾਡੇ ਸਿਰ ਖੜਾ ਹੈ ਤਾਂ ਅਸੀਂ ਤੁਰੰਤ ਹੀ ਤੁਹਾਡੀ ਸਮੱਸਿਆ ਹੱਲ ਕਰ ਸਕਦੇ ਹਾਂ।

Call Mrs. T. Sandhu 271-1962,
736-2551 (24 hrs.)

**HAMPSHIRE INVESTMENTS LTD.**

·ਦਾਗਿਸਤਾਨੀ ਲਘੂ ਕਥਾ

# ਕੈਦੀ ਦਾ ਕੈਦੀ

ਰਸੂਲ ਹਮਜ਼ਾਤੋਵ

ਕਿਸੇ ਖਾਨ ਦੀ ਰਿਆਸਤ ਵਿਚ ਬਹੁਤ ਸਾਰੇ ਕਵੀ ਰਹਿੰਦੇ ਸਨ । ਉਹ ਪਿੰਡ-ਪਿੰਡ ਘੁੰਮਦੇ ਹੋਏ ਆਪਣੇ ਗੀਤ ਗਾਉਂਦੇ ।

ਇਕ ਦਿਨ ਖਾਨ ਨੇ ਇਕ ਅਜਿਹਾ ਗੀਤ ਸੁਣਿਆ, ਜਿਸ ਵਿਚ ਉਸ ਦੇ ਜ਼ੁਲਮ, ਅਨਿਆਂ ਤੇ ਲਾਲਚ ਦਾ ਜ਼ਿਕਰ ਸੀ । ਉਹ ਲੋਹਾ-ਲਾਖਾ ਹੋ ਉਠਿਆ । ਤਦੇ ਉਸ ਨੇ ਹੁਕਮ ਦਿੱਤਾ ਕਿ ਅਜਿਹਾ ਬਗਾਵਤ ਭਰਿਆ ਗੀਤ ਲਿਖਣ ਵਾਲੇ ਕਵੀ ਨੂੰ ਫੜ ਕੇ ਉਸ ਦੇ ਸਾਹਮਣੇ ਲਿਆਂਦਾ ਜਾਏ ।

ਉਸ ਕਵੀ ਦਾ ਪਤਾ ਨਾ ਲਗ ਸਕਿਆ, ਤਾਂ ਖਾਨ ਨੇ ਸਾਰੇ ਹੀ ਕਵੀਆਂ ਨੂੰ ਫੜ ਲਿਆਉਣ ਦਾ ਹੁਕਮ ਦਿੱਤਾ । ਉਸ ਦੇ ਸਿਪਾਹੀਆਂ ਨੇ ਸਾਰੇ ਕਵੀ ਫੜ ਲਏ ਤੇ ਉਹਨਾਂ ਨੂੰ ਕਾਲ-ਕੋਠੜੀਆਂ ਵਿਚ ਬੰਦ ਕਰ ਦਿੱਤਾ ।

ਇਕ ਦਿਨ ਸਵੇਰੇ ਖਾਨ ਨੇ ਸਾਰੇ ਕੈਦੀ ਕਵੀਆਂ ਨੂੰ ਆਪਣੇ ਸਾਹਮਣੇ ਬੁਲਾ ਕੇ ਕਿਹਾ, "ਹੁਣ ਤੁਹਾਡੇ 'ਚੋਂ ਹਰ ਇਕ ਮੈਨੂੰ ਇਕ ਇਕ ਗੀਤ ਹਸ ਕੇ ਸੁਣਾਏ ।"

ਹਰ ਕਵੀ ਆਪਣੀ ਵਾਰੀ ਆਉਣ ਤੇ ਉਸ ਦੀ ਸ਼ਾਨ ਵਿਚ ਗੀਤ ਗਾਉਣ ਲੱਗਾ ਕਿ ਉਸ ਵਰਗਾ ਮਹਾਨ ਤੇ ਨਿਆਂ ਕਰਨ ਵਾਲਾ ਖਾਨ ਪਹਿਲਾਂ ਕਦੇ ਪੈਦਾ ਹੀ ਨਹੀਂ ਹੋਇਆ ।

ਖਾਨ ਗੀਤ ਸੁਣਨ ਪਿਛੋਂ ਹਰ ਕਵੀ ਨੂੰ ਛੱਡਣ ਦਾ ਹੁਕਮ ਦਿੰਦਾ ਗਿਆ । ਅਖੀਰ ਤਿੰਨ ਕਵੀ ਰਹਿ ਗਏ, ਜਿਹਨਾਂ ਨੇ ਕੁਝ ਵੀ ਨਹੀਂ ਸੀ ਸੁਣਾਇਆ । ਉਹਨਾਂ ਤਿੰਨਾਂ ਨੂੰ ਮੁੜ ਕੇ ਕਾਲ-ਕੋਠੜੀਆਂ ਵਿਚ ਬੰਦ ਕਰ ਦਿਤਾ ਗਿਆ ।

ਤਿੰਨਾਂ ਮਹੀਨਿਆਂ ਪਿਛੋਂ ਖਾਨ ਨੇ ਫੇਰ ਉਹਨਾਂ ਤਿੰਨਾਂ ਕਵੀਆਂ ਨੂੰ ਬੁਲਾਇਆ ਤੇ ਗੀਤ ਸੁਣਾਉਣ ਲਈ ਕਿਹਾ ।

ਉਹਨਾਂ ਤਿੰਨਾਂ 'ਚੋਂ ਇਕ ਨੇ ਉਸ ਦੀ ਸ਼ਾਨ ਵਿਚ ਗੀਤ ਗਾਇਆ ।

ਉਸ ਕਵੀ ਨੂੰ ਛੱਡ ਦਿੱਤਾ ਗਿਆ । ਤਦ ਬਾਕੀ ਦੋ ਨੂੰ ਜੋ ਕੁਝ ਵੀ ਗਾਉਣ ਲਈ ਤਿਆਰ ਨਹੀਂ ਸਨ ਹੋਏ, ਮੈਦਾਨ ਵਿਚ ਜਲ ਰਹੀ ਅੱਗ ਕੋਲ ਲੈ ਜਾਇਆ ਗਿਆ ।

"ਹੁਣ ਤੁਹਾਨੂੰ ਅੱਗ ਦੀ ਨਜ਼ਰ ਕਰ ਦਿੱਤਾ ਜਾਏਗਾ !" ਖਾਨ ਨੇ ਕਿਹਾ । "ਮੈਂ ਆਖਰੀ ਵਾਰ ਕਹਿੰਦਾ ਹਾਂ ਕਿ ਆਪ ਕੋਈ ਗੀਤ ਸੁਣਾਓ ।"

ਉਹਨਾਂ ਦੋ ਚੋਂ ਇਕ ਦੀ ਹਿੰਮਤ ਟੁਟ ਗਈ ਤਾਂ ਉਹ ਉਸਦੀ ਸ਼ਾਨ ਵਿਚ ਗਾਉਣ ਲੱਗਾ ।

ਉਸ ਕਵੀ ਨੂੰ ਵੀ ਛੱਡ ਦਿਤਾ ਗਿਆ ।

ਹੁਣ ਸਿਰਫ ਇਕੋ ਕਵੀ ਬਾਕੀ ਰਹਿ ਗਿਆ ਸੀ, ਜੋ ਕੁਝ ਵੀ ਗਾਉਣ ਲਈ ਤਿਆਰ ਨਹੀਂ ਸੀ ।

"ਇਸ ਨੂੰ ਖੰਭੇ ਨਾਲ ਬੰਨ੍ਹ ਕੇ ਇਸ ਦੇ ਦੁਵਾਲੇ ਅੱਗ ਜਲਾ ਦਿਓ ! ਖਾਨ ਨੇ ਹੁਕਮ ਦਿਤਾ ।"

ਖੰਭੇ ਨਾਲ ਬੱਝਾ ਹੋਇਆ ਕਵੀ ਅਚਾਨਕ ਖਾਨ ਦੇ ਜ਼ੁਲਮ ਅਨਿਆਂ ਤੇ ਲਾਲਚ ਬਾਰੇ ਉਹ ਗੀਤ ਗਾਉਣ ਲੱਗਾ, ਜਿਸ ਨਾਲ ਇਹ ਸਾਰਾ ਸਿਲਸਿਲਾ ਸ਼ੁਰੂ ਹੋਇਆ ਸੀ ।

"ਇਸ ਨੂੰ ਛੇਤੀ ਨਾਲ ਖੋਹਲ ਕੇ ਅੱਗ ਤੋਂ ਦੂਰ ਕਰੋ !" ਖਾਨ ਨੇ ਉੱਚੀ ਸਾਰੀ ਕਿਹਾ । "ਮੈਂ ਆਪਣੇ ਮੁਲਕ ਦੇ ਇੱਕੋ ਇਕ, ਅਸਲੀ ਕਵੀ ਨੂੰ ਗਵਾਉਣਾ ਨਹੀਂ ਚਾਹੁੰਦਾ ।"

ਸਫ਼ਾ 36 ਦੀ ਬਾਕੀ

ਗਈ" ਕਹਿ ਕੇ ਚਾਚੀ ਪੁੱਠੇ ਪੈਰੀਂ ਵਾਪਸ ਚਲੀ ਗਈ ।

ਜਦ ਮੈਂ ਉਹਨਾਂ ਦੇ ਘਰ ਅੱਗੋਂ ਲੰਘਣ ਲਗਾ ਤਾਂ ਉਹ ਆਪਣੇ ਬੂਹੇ ਵਿਚ ਖਲੋਤੀ ਸੀ । ਮੈਨੂੰ ਵੇਖਦਿਆਂ ਹੀ ਸੱਜੇ ਪਾਸਿਉਂ ਆਪਣਾ ਕਪੜਾ ਮੂੰਹ ਤੇ ਖਿੱਚ ਲਿਆ ਤੇ ਕਹਿਣ ਲੱਗੀ "ਆਈ ਵੇ ਦੇਵ ਮੇਰੇ ਤਾਂ ਐਂਤਰੀ ਮਾਖੋਂ ਦੀ ਮੱਖੀ ਲੜਗੀ ਮੂੰਹ ਤੇ ਚਰੀਂ ਕੇਰਾਂ ਟੂਣਾ ਜਿਹਾ ਜਿਹੜਾ ਤੂੰ ਕਰਦਾ ਹੁੰਨੈ ।

ਮੈਂ ਅੰਦਰ ਚਲਾ ਗਿਆ । ਚਾਚੀ ਕਹਿੰਦੀ "ਓਹਥੋਂ ਅੰਦਰੋਂ ਦਾਤੀ ਲੈ ਲਾ ਹੋਰ ਤਾਂ ਲੋਹੇ ਦਾ ਕੁਝ ਨਹੀਂ ਇਥੇ । ਮੈਂ ਅੰਦਰੋਂ ਦਾਤੀ ਲੈਣ ਲਈ ਗਿਆ ਤਾਂ ਬਾਹਰਲਾ ਬੂਹਾ ਬੰਦ ਹੋਣ ਦੀ ਅਵਾਜ਼ ਸੁਣੀ ਤੇ ਚਾਚੀ ਮੇਰੇ ਪਿਛੇ ਹੀ ਅੰਦਰ ਆ ਗਈ । ਮੈਂ ਪੁਛਿਆ "ਹਾਂ ਚਾਚੀ ਕਿਥੇ ਲੜੀ ਐ ਮੱਖੀ ਛੇਤੀ ਕਰ ਮੈਂ ਜਾਣਾ ਵੀ ਐ ।"

ਚਾਚੀ ਨੇ ਆਪਣੇ ਸੱਜੇ ਪਾਸੇ ਮੂੰਹ ਤੇ ਹੱਥ ਲਾਇਆ ਤੇ ਕਿਹਾ "ਆਹ ਵੇਖ ਐਥੇ" ਪਰ ਉਸ ਦੇ ਬੋਲ ਥਿੜਕ ਰਹੇ ਸਨ ।

"ਇਥੇ ਤਾਂ ਕੁਝ ਵੀ ਨਹੀਂ ਚਾਚੀ"......

"ਦੇਵ ਤੈਨੂੰ ਸ਼ਰਮ ਨਹੀਂ ਆਉਂਦੀ ਮੈਨੂੰ ਚਾਚੀ ਕਹਿੰਦਿਆਂ ? ਕੀ ਹਰ ਵੇਲੇ ਚਾਚੀ ਚਾਚੀ ਲਾਈ ਰਖਦੈਂ ।" ਕੀ ਮੈਂ ਤੇਰੀ ਚਾਚੀ ਹੋਣ ਦੇ ਲਾਇਕ ਹਾਂ ? ਤੂੰ ਕਿਉਂ ਚਾਚੀ ਕਹਿ ਕੇ ਮੇਰੇ ਜ਼ਖਮਾਂ ਤੇ ਲੂਣ ਛਿੜਕਦਾ ਹੈਂ ? ਕੀ ਤੂੰ ਚਾਹੁੰਦਾ ਹੈਂ ਕਿ ਮੈਂ ਇਸੇ ਤਰ੍ਹਾਂ ਵਿਚੇ ਵਿਚ ਖੁਰਦੀ ਖੁਰਦੀ ਮਰ ਜਾਵਾਂ ? ਮੈਂ ਤੇਰੀ ਮਿੰਨਤ ਕਰਦੀ ਹਾਂ ਤੂੰ ਹੀ ਮੈਨੂੰ ਸਮਝ.....



# ਇੱਕ ਸੱਚ

ਮਾਨ ਭਾਰਤੀ

ਚੀਥੜਿਆਂ ਦੀ ਲੱਗੀ ਹੋਈ ਲੰਮੀ ਲਾਈਨ ।

ਜੀਅ ਪ੍ਰਤੀ ਕੁਝ ਰਿੱਝੇ ਹੋਏ ਚਾਵਲ ਵੰਡੇ ਜਾ ਰਹੇ ਸਨ ।

ਇਕ ਔਰਤ ਦੀ ਵਾਰੀ ਆਈ ਉਸਨੇ ਪਹਿਲਾਂ ਆਪਣੇ ਹਿੱਸੇ ਦੇ ਚੌਲ, ਪਾਟੀ ਧੋਤੀ ਦੀ ਕੰਨੀ'ਚ ਪੁਆਏ ਤੇ ਫਿਰ ਕੁੱਛੜ ਚੁੱਕੇ ਨਿੱਕੇ ਬਾਲ ਦੇ ਹਿੱਸੇ ਦੇ ।

ਉਹ ਇੱਕ ਪਾਸੇ ਹੋਕੇ ਚੌਲ ਖਾਣ ਲੱਗ ਪਈ । ਸਾਰੇ ਚੌਲ ਖਾਣ ਬਾਅਦ ਬੱਚੇ ਨੂੰ ਲਿਟਾ ਕੇ ਇਕ ਪਾਸੇ ਤੁਰ ਗਈ ।

ਚੌਲ ਵੰਡਣ ਵਾਲਿਆ ਵਿਚੋਂ ਇਕ ਦੀ ਨਜ਼ਰ ਉਸ ਬੱਚੇ ਤੇ ਪਈ ਤੇ ਉਹ ਬੱਚੇ ਵਲ ਵਧਿਆ ।

ਉਸ ਨਿਉਂ ਕੇ ਵੇਖਿਆ ਬੱਚਾ – ਮੁਰਦਾ ਸੀ ।

# INDIA FILMS OVERSEAS
## PROUDLY PRESENTS
## AMITABH BACHCHAN
-IN-
# PARVARISH

**DIRECTED BY**
**MANMOHAN DESAI**

SHAMMI KAPOOR
NEETU SINGH
VINOD KHANNA

**MUSIC BY**
**LAXMIKANT PYARELAL**

**GRAND OPENING AT RIO THEATRE: 873-1412 (24 Hours)**

FRIDAY, MARCH 10th AT 9:30 P.M.
SAT. & SUN. 3:00 P.M., 6:30 P.M. AND 9:30 P.M.

Hindi and Punjabi movies are played Monday through Thursday at 8:00 p.m.
For information call 873-1412 (24 hours)

---

nalaco

# NORTH AMERICAN LIFE ASSURANCE COMPANY

# 1170 – 777 Hornby Street, Vancouver, B.C., V6Z 1S8

**OVER 8 BILLION OF INSURANCE IN FORCE**
**FOUNDED 1881 – A MUTUAL CO.**



Sudesh Kalia

## "I've got a plan to help you build a better tomorrow."

REDUCE YOUR INCOME TAX AND BUILT A GUARANTEED PENSION

My Company Offers –

1. All Forms of Registered Retirement Plans
2. Complete range of Business Insurance
3. Personal Insurance – Permanent and Term
4. Educational Contracts for Childeen
5. All Types of Company Fringe Benefits – Group Life, Disability and Pension.

It gives you two things that don't show up on a policy. Freedom. To do what you want, when you want, for as long as you want. And peace of mind. That starts the minute you let me built you a tomorrow.

H. E. HARRISON
CLU
Manager.

**MAKE THAT CALL NOW**

**BUS: 685 - 9335**
**Res: 254 - 5837**

**WATNO DUR**
P.O. Box 67681 Stn. "O"
Vancouver, B.C. V5W 3V2

# ਫ਼ਰੰਟੀਅਰ ਕਲਾਥ ਹਾਊਸ

## WE HAVE QUALITY......
## AS WELL AS QUANTITY

***SPECIALISTS IN:***

* INDIAN SUITS
* SAREES, LEHNGAS
* GAPES, HARS
* AND OTHER INDIAN GOODS
* JAPANESE PRINTS
* PLAIN SAREES
* SUITS
* DRAPES

**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2375**

# FRONTIER CLOTH HOUSE

## 6672 MAIN STREET VANCOUVER, B.C.

**Manager Vancouver Branch:**
**SUSHIL BATRA**

**Phones:** **Bus. 325-4424**
**Res. 324-5156**

WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.